ਨਗਰ ਨਿਗਮ ਜਲੰਧਰ

ਨਗਰ ਨਿਗਮ ਹਾਊਸ ਦੀ ਮੀਟਿੰਗ
ਮਿਤੀ **01-12-2020**
ਦੀ ਕਾਰਵਾਈ
(ਮਤਾ ਨੰ: **43-118**)

ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 1.12.2020 ਨੂੰ ਹੋਈ ਦੀ ਕਾਰਵਾਈ ।

ਮਿਤੀ 1.12.2020 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ "ਰੈਡ ਕਰਾਸ ਭਵਨ", ਜਲੰਧਰ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

ਲੜੀ ਨੰ:	ਵਾਰਡ ਨੰ:	ਨਾਮ
1.	48	ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ
2.	39	ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
3.	44	ਸ਼੍ਰੀ ਹਰਸਿਮਰਨਜੀਤ, ਡਿਪਟੀ ਮੇਅਰ
4.	1	ਸ਼੍ਰੀਮਤੀ ਤਮਨਰੀਤ ਕੌਰ, ਕੌਂਸਲਰ
5.	3	ਸ਼੍ਰੀਮਤੀ ਰਿਸ਼ਾ ਸੈਣੀ, ਕੌਂਸਲਰ
6.	5	ਸ਼੍ਰੀਮਤੀ ਬਲਜਿੰਦਰ ਕੌਰ, ਕੌਂਸਲਰ
7.	6	ਸ਼੍ਰੀ ਨਿਰਮਲ ਸਿੰਘ, ਕੌਂਸਲਰ
8.	8	ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ
9.	9	ਸ਼੍ਰੀਮਤੀ ਮਨਦੀਪ ਕੌਰ,ਕੌਂਸਲਰ
10.	10	ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ
11.	11	ਸ਼੍ਰੀਮਤੀ ਪ੍ਰਵੀਨਾ, ਕੌਂਸਲਰ
12.	12	ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ
13.	13	ਸ਼੍ਰੀਮਤੀ ਬਿਮਲਾ ਰਾਨੀ, ਕੌਂਸਲਰ
14.	15	ਸ਼੍ਰੀਮਤੀ ਡੋਲੀ, ਕੌਂਸਲਰ
15.	16	ਸ਼੍ਰੀ ਮਨਮੋਹਣ ਸਿੰਘ, ਕੌਂਸਲਰ
16.	17	ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ
17.	18	ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ
18.	19	ਸ਼੍ਰੀਮਤੀ ਉਮਾ ਬੇਰੀ, ਕੌਂਸਲਰ
19.	20	ਸ੍ਰੀਮਤੀ ਜਸਲੀਨ ਸੇਠੀ, ਕੌਂਸਲਰ
20.	21	ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ
21.	22	ਸ਼੍ਰੀ ਪ੍ਰੱਭਦਿਆਲ, ਕੌਂਸਲਰ
22.	23	ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ
23.	24	ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ
24.	25	ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ
25.	26	ਸ਼੍ਰੀ ਰੋਹਨ ਸਹਿਗਲ, ਕੌਂਸਲਰ
26.	27	ਸ਼੍ਰੀਮਤੀ ਅਰੁਣਾ ਅਰੋੜਾ, ਕੌਂਸਲਰ
27.	28	ਸ਼੍ਰੀ ਬਲਰਾਜ ਠਾਕੁਰ, ਕੌਂਸਲਰ
28.	30	ਸ਼੍ਰੀ ਪਵਨ ਕੁਮਾਰ, ਕੌਂਸਲਰ
29.	31	ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ
30.	33	ਸ਼੍ਰੀਮਤੀ ਕਮਲਾ ਰਾਣੀ , ਕੌਂਸਲਰ
31.	34	ਸ਼੍ਰੀ ਤਰਸੇਮ ਸਿੰਘ, ਕੌਂਸਲਰ
32.	35	ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ
33.	36	ਸ਼੍ਰੀ ਬਚਨ ਲਾਲ, ਕੌਂਸਲਰ
34.	38	ਸ਼੍ਰੀ ਓਮਕਾਰ ਰਜੀਵ, ਕੌਂਸਲਰ
35.	40	ਸ਼੍ਰੀ ਵਰੇਸ਼ ਕੁਮਾਰ, ਕੌਂਸਲਰ
36.	41	ਸ਼੍ਰੀਮਤੀ ਅਨੀਤਾ, ਕੌਂਸਲਰ
37.	45	ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ
38.	49	ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ
39.	50	ਸ਼੍ਰੀ ਪਰਮਜੋਤ ਸਿੰਘ, ਕੌਂਸਲਰ
40.	51	ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ
41.	53	ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ
42.	54	ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ
43.	55	ਸ਼੍ਰੀਮਤੀ ਵੰਦਨਾ, ਕੌਂਸਲਰ

44.	56	ਸ਼੍ਰੀ ਪੱਲੀ ਅੱਪਨ, ਕੌਂਸਲਰ
45.	58	ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ
46.	59	ਸ਼੍ਰੀਮਤੀ ਰੀਨਾ, ਕੌਂਸਲਰ
47.	60	ਸ਼੍ਰੀ ਅਵਤਾਰ ਸਿੰਘ, ਕੌਂਸਲਰ
48.	62	ਸ਼੍ਰੀ ਦੀਪਕ ਸ਼ਾਰਦਾ, ਕੌਂਸਲਰ
49.	64	ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ
50.	65	ਸ਼੍ਰੀਮਤੀ ਅੰਜਲੀ , ਕੌਂਸਲਰ
51.	67	ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰ
52.	68	ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ
53.	70	ਸ਼੍ਰੀ ਗਿਆਨ ਚੰਦ, ਕੌਂਸਲਰ
54.	72	ਸ਼੍ਰੀ ਮਿੰਟੂ, ਕੌਂਸਲਰ
55.	73	ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ
56.	74	ਸ਼੍ਰੀ ਮਦਨ ਲਾਲ, ਕੌਂਸਲਰ
57.	75	ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ
58.	76	ਸ਼੍ਰੀ ਲਖਵੀਰ ਸਿੰਘ, ਕੌਂਸਲਰ
59.	77	ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ
60.	78	ਸ਼੍ਰੀ ਜਗਦੀਸ਼ ਰਾਮ, ਕੌਂਸਲਰ
61.	80	ਸ਼੍ਰੀ ਦੇਸ ਰਾਜ ਜੱਸਲ, ਕੌਂਸਲਰ

ਕੁਲ ਹਾਜ਼ਰ ਮੈਂਬਰ: 61

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
01.12.2020

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਡਿਪਟੀ, ਕਮਿਸ਼ਨਰ, ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆ ਤੋਂ ਆਏ ਹੋਏ ਨੁਮਾਇੰਦੀਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾ ਕੁੱਝ ਦੀਵੰਗਤ ਆਤਮਾਵਾਂ ਜ਼ੋ ਕਿ ਪਿੱਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ, ਜਿਹਨਾਂ ਵਿੱਚੋ :-

1. ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ਜੀ ਦੇ ਅੰਕਲ ਸ੍ਰੀ ਅਮਰਜੀਤ ਸਿੰਘ ਜੀ,
2. ਸ੍ਰੀ ਗਿਆਨ ਚੰਦ, ਕੌਂਸਲਰ ਦੇ ਵੱਡੇ ਭਰਾ ਸ੍ਰੀ ਹਰਬਿਲਾਸ ਸੋਢੀ ਜੀ ਅਤੇ ਵੱਡੀ ਭੈਣ ਸ੍ਰੀਮਤੀ ਬਖਸੀਸ਼ ਕੌਰ ਜੀ
3. ਸ੍ਰੀ ਵਰੇਸ਼ ਮਿਟੂ, ਕੌਂਸਲਰ ਦੇ ਮਾਤਾ ਸ੍ਰੀਮਤੀ ਸੁਭਾਸ਼ ਰਾਣੀ ਜੀ
4. ਸ੍ਰੀ ਵੇਦ ਬਿਆਸ, ਸਾਬਕਾ ਸਹਾਇਕ ਕਮਿਸ਼ਨਰ, ਨਗਰ ਨਿਗਮ, ਜਲੰਧਰ
5. ਸ੍ਰੀ ਵਰਿੰਦਰਜੀਤ ਸਿੰਘ (ਬੱਬੂ), ਟੈਕਨੀਸ਼ੀਅਨ, ਵਾਟਰ ਸਪਲਾਈ, ਨਗਰ ਨਿਗਮ ਦੇ ਕਰਮਚਾਰੀ ਸਨ

ਮੈਂ ਸਮੂਹ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ।

ਉਹਨਾਂ ਪ੍ਰਤੀ ਹਾਜਰ ਕੌਂਸਲਰਾਂ/ ਅਧਿਕਾਰੀਆਂ ਵਲੋਂ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
01.12.2020

ਇਸ ਉਪਰੰਤ ਸਭ ਤੋਂ ਪਹਿਲਾਂ ਸੁਰੂਆਤ ਵਿੱਚ ਸ੍ਰੀ ਜੇ.ਪੀ.ਸ਼ਮਸ਼ੇਰ ਖ਼ਹਿਰਾ, ਮਨਦੀਪ ਕੁਮਾਰ ਜੱਸਲ ਅਤੇ ਹੋਰ ਕੌਂਸਲਰਾਂ ਨੇ ਬੋਲਦਿਆਂ ਕਿਹਾ ਕਿ ਜਿਹੜੇ ਕਿਸਾਨ ਕੇਂਦਰ ਸਰਕਾਰ ਦੇ ਖੇਤੀਬਾੜੀ ਦੇ ਤਿੰਨ ਅਧਿਆਦੇਸ਼ਾਂ ਦੇ ਖ਼ਿਲਾਫ ਡਟੇ ਹੋਏ ਹਨ, ਉਹਨਾਂ ਨੂੰ ਨਗਰ ਨਿਗਮ ਜਲੰਧਰ ਦਾ ਸਮੂਹ ਹਾਊਸ ਸਮਰਥਨ ਕਰਦਾ ਹੈ ।

ਮੇਅਰ ਜੀ ਨੇ ਸਮੂਹ ਮੈਂਬਰਾਂ ਨੂੰ ਕਿਹਾ ਕਿ ਚੰਗਾ ਹੋਵੇਗਾ ਜੇਕਰ ਪਹਿਲਾਂ ਅਜੰਡਾ ਡਿਸਕਸ ਕਰ ਲਿਆ ਜਾਵੇ ਜਿਸ ਤੇ ਸ੍ਰੀ ਵਰੇਸ਼ ਮਿੰਟੂ ਨੇ ਪਹਿਲਾਂ ਜ਼ੀਰੋ ਆਵਰ ਦੀ ਮੰਗ ਕੀਤੀ । ਮੇਅਰ ਜੀ ਨੇ ਇਸ ਦੀ ਇਜ਼ਾਜ਼ਤ ਦਿੱਤੀ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਕਿਹਾ ਕਿ ਉਹਨਾਂ ਵਲੋਂ ਪਿਛਲੀਆਂ ਕਈ ਮੀਟਿੰਗਾਂ ਵਿੱਚ ਸੈਕਰਡ ਹਾਰਟ ਹਸਪਤਾਲ ਸਬੰਧੀ ਜਿਹੜੇ ਸਵਾਲ ਪੁੱਛੇ ਗਏ ਸਨ ਦੇ ਸਬੰਧ ਵਿੱਚ ਪ੍ਰਾਪਰਟੀ ਟੈਕਸ ਸ਼ਾਖਾ ਵਲੋਂ ਜਵਾਬ ਦਿੱਤਾ ਗਿਆ ਹੈ ਕਿ ਇਸ ਹਸਪਤਾਲ ਨੇ 1,87,632/- ਰੁਪਏ ਬਤੋਰ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਏ ਹਨ । ਇਹ ਹਸਪਤਾਲ 10 ਏਕੜ ਵਿੱਚ ਬਣਿਆ ਹੋਇਆ

ਹੈ ਅਤੇ 12 ਮੰਜਲਾਂ ਬਿਲਡਿੰਗਾਂ ਬਣੀਆਂ ਹੋਈਆਂ ਹਨ । ਕੀ ਇਹ ਪ੍ਰਾਪਰਟੀ ਟੈਕਸ ਜਾਇਜ਼ ਹੈ ਜਾਂ ਫਿਰ ਕਰਪਸ਼ਨ ਹੈ? ਸਹੀ ਢੰਗ ਨਾਲ ਕਿੰਨਾ ਪ੍ਰਾਪਰਟੀ ਟੈਕਸ ਬਣਦਾ ਹੈ? ਉਹਨਾਂ ਇਹ ਵੀ ਕਿਹਾ ਕਿ ਚੋਥੀ ਮੀਟਿੰਗ ਹੋ ਰਹੀ ਹੈ ਪਰ ਜਵਾਬ ਨਹੀਂ ਮਿਲਦਾ । ਦੱਸਿਆ ਜਾਵੇ ਕਿ ਕਦੋਂ ਤੱਕ ਸਹੀ ਜਵਾਬ ਮਿਲੇਗਾ ।

ਸ੍ਰੀਮਤੀ ਇਨਾਇਤ, ਸੰਯੁਕਤ ਕਮਿਸ਼ਨਰ ਨੇ ਦੱਸਿਆ ਕਿ ਦੋ ਹਸਪਤਾਲਾਂ ਦੇ ਪ੍ਰਾਪਰਟੀ ਟੈਕਸ ਬਾਰੇ ਸਵਾਲੇ ਉਠਾਏ ਗਏ ਸਨ । ਜ਼ੋਹਲ ਹਸਪਤਾਲ ਵਲੋਂ ਜਿਹੜਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਇਆ ਗਿਆ ਹੈ, ਉਹ ਸਹੀ ਪਾਇਆ ਗਿਆ ਹੈ । ਸੈਕਰਡ ਹਸਪਤਾਲ ਵਾਲਿਆਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ ਅਤੇ 15 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ । ਜਵਾਬ ਆਉਣ ਉਪਰੰਤ ਰਿਵਿਊ ਕਰ ਲਿਆ ਜਾਵੇਗਾ ।

ਸ੍ਰੀ ਦੇਸ ਰਾਜ ਜੱਸਲ, ਕੋਂਸਲਰ ਨੇ ਕਿਹਾ ਕਿ ਉਹਨਾਂ ਵਲੋਂ ਸੈਕਰਡ ਹਾਰਟ ਹਸਪਤਾਲ ਦੇ ਬਾਹਰ ਨਜਾਇਜ਼ ਢੰਗ ਨਾਲ ਵਸੂਲੀ ਜਾ ਰਹੀ ਪਾਰਕਿੰਗ ਫੀਸ ਦਾ ਮੁੱਦਾ ਉਠਾਇਆ ਸੀ ਅਤੇ ਤਹਿਬਜ਼ਾਰੀ ਸ਼ਾਖਾ ਵਲੋਂ ਜਵਾਬ ਦਿੱਤਾ ਗਿਆ ਹੈ ਕਿ ਇਹ ਜਗ੍ਹਾ ਨਗਰ ਨਿਗਮ ਦੀ ਨਹੀਂ ਹੈ ਬਲਕਿ ਜੰਗਲਾਤ ਵਿਭਾਗ ਦੀ ਹੈ। ਜਨਤਾ ਕਲੋਨੀ ਤੱਕ ਦੋਵੇਂ ਪਾਸੇ ਸੜਕਾਂ ਤੇ ਹਸਪਤਾਲ ਵਾਲਿਆਂ ਵਲੋਂ ਨਜਾਇਜ਼ ਢੰਗ ਨਾਲ ਗੱਡੀਆਂ ਖੜੀਆਂ ਕਰਵਾ ਕੇ 20,25 ਜਾਂ 40/- ਰੁਪਏ ਲੈ ਕੇ ਪਾਰਕਿੰਗ ਕਰਵਾਈ ਜਾ ਰਹੀ ਹੈ । ਨਗਰ ਨਿਗਮ ਦੇ ਅਧਿਕਾਰੀ ਕਹਿ ਰਹੇ ਹਨ ਕਿ ਇਹ ਜਗ੍ਹਾ ਜੰਗਲਾਤ ਵਿਭਾਗ ਦੀ ਹੈ ਤਾਂ ਫਿਰ ਇਸੇ ਜਗ੍ਹਾ ਤੇ ਇੱਕ ਪੈਟਰੋਲ ਪੰਪ ਪਾਸੋਂ ਨਗਰ ਨਿਗਮ ਨੇ 33 ਲੱਖ ਰੁਪਏ ਲੈਣੇ ਸੀ ਜਿਹੜਾ ਬੰਦ ਹੋ ਗਿਆ ਹੈ ਉਹ ਕਿਸ ਤਰ੍ਹਾਂ ਲਏ ਜਾਣੇ ਸਨ । ਇਸੇ ਤਰ੍ਹਾਂ ਇਸ ਥਾਂ ਤੇ ਕਈ ਰੇਹੜੀਆਂ ਅਤੇ ਖੋਖੇ ਵਾਲਿਆਂ ਪਾਸੋਂ ਤਹਿਬਜ਼ਾਰੀ ਵਿਭਾਗ 1000-1000/- ਰੁਪਏ ਲੈ ਕੇ ਰਾਜ਼ੀਨਾਮਾ ਫੀਸ ਵਸੂਲ ਰਿਹਾ ਹੈ ਉਹ ਕਿਸ ਤਰ੍ਹਾਂ ਵਸੂਲ ਰਿਹਾ ਹੈ? ਸਾਲ 2005 ਵਿੱਚ ਨਗਰ ਨਿਗਮ ਵਲੋਂ ਇਸ ਥਾਂ ਤੇ 5.50 ਲੱਖ ਰੁਪਏ ਖ਼ਰਚ ਕਰਕੇ ਗਰੀਨ ਬੈਲਟ ਦੀ ਉਸਾਰੀ ਕਰਵਾਈ ਗਈ ਸੀ ਅਤੇ ਨਗਰ ਨਿਗਮ ਨੇ ਹਸਪਤਾਲ ਦੇ ਬਾਹਰ ਇਸ ਜਗ੍ਹਾਂ ਨੂੰ ਪਾਰਕਿੰਗ ਦੇ ਮੰਤਵ ਲਈ ਨਿਲਾਮ ਕੀਤਾ ਸੀ ਪ੍ਰੰਤੂ ਬਾਅਦ ਵਿੱਚ ਉਹਨਾਂ ਨੂੰ ਪੈਸੇ ਵਾਪਸ ਮੋੜ੍ਹ ਦਿੱਤੇ ਗਏ ।

ਸ੍ਰੀ ਮਨਦੀਪ ਸਿੰਘ, ਸੁਪਰਡੰਟ ਤਹਿਬਜ਼ਾਰੀ ਨੇ ਜਵਾਬ ਦਿੰਦਿਆਂ ਕਿਹਾ ਕਿ ਇਹ ਜਗ੍ਹਾ ਵਨ ਵਿਭਾਗ ਦੀ ਹੈ । ਸਾਲ 2011 ਵਿੱਚ ਇਹ ਜਗ੍ਹਾ ਪਾਰਕਿੰਗ ਲਈ ਠੇਕੇ ਤੇ ਦਿੱਤੀ ਗਈ ਸੀ ਤਾਂ ਮਿਤੀ 14.9.2011 ਨੂੰ ਵਨ ਵਿਭਾਗ ਨੇ ਪੱਤਰ ਲਿਖ ਕੇ ਕਿਹਾ ਕਿ ਇਹ ਜਗ੍ਹਾ ਉਹਨਾਂ ਦੀ ਹੈ ਅਤੇ ਇਸ ਪਾਰਕਿੰਗ ਦੇ ਠੇਕੇ ਨੂੰ ਰੱਦ ਕੀਤਾ ਜਾਵੇ ਜਿਸ ਉਪਰੰਤ ਇਹ ਕਾਰਵਾਈ ਕੀਤੀ ਗਈ । ਜਿਥੋਂ ਤੱਕ ਪੈਟਰੋਲ ਪੰਪ ਦੀ ਗੱਲ ਹੈ ਉਸ ਸਬੰਧੀ ਉਹਨਾਂ ਦੱਸਿਆ ਕਿ ਮਾਨਯੋਗ ਹਾਈਕੋਰਟ ਦੀਆਂ ਹਦਾਇਤਾਂ ਸਨ ਕਿ ਇਸ ਦੇ ਕਿਰਾਏ ਨੂੰ ਰੀਫਿਕਸ ਕੀਤਾ ਜਾਵੇ । ਜਿੱਥੋਂ ਤੱਕ ਹਸਪਤਾਲ ਵਾਲਿਆਂ ਵਲੋਂ ਹਸਪਤਾਲ ਦੇ ਬਾਹਰ ਨਜਾਇਜ਼ ਪਾਰਕਿੰਗ ਫੀਸ ਦੀ ਵਸੂਲੀ ਦੀ ਗੱਲ ਹੈ, ਉਹਨਾਂ ਦੱਸਿਆ ਕਿ ਉਹ ਖੁਦ ਸ੍ਰੀ ਦੇਸ ਰਾਜ ਜੱਸਲ, ਕੋਂਸਲਰ ਨੂੰ ਨਾਲ ਲੈ ਕੇ ਹਸਪਤਾਲ ਗਏ ਸਨ ਤਾਂ ਕੋਂਸਲਰ ਨੇ ਕਿਹਾ ਕਿ ਮੈਂ ਅੰਦਰ ਨਹੀਂ ਜਾਣਾ ਤੁਸੀਂ ਖੁਦ ਜਾ ਕੇ ਪੁੱਛੋ । ਜਿਸ ਤੇ ਮੈਂ ਖੁਦ ਹਸਪਤਾਲ ਵਾਲਿਆਂ ਨੂੰ ਮਿਲਿਆ ਅਤੇ ਉਹਨਾਂ ਨੂੰ ਦੱਸਿਆ ਕਿ ਇਹ ਜਗ੍ਹਾ ਜੰਗਲਾਤ ਵਿਭਾਗ ਦੀ ਹੈ ਅਤੇ ਇਸ ਨੂੰ ਖ਼ਾਲੀ ਕਰਵਾਓ ।

ਮੇਅਰ ਜੀ ਨੇ ਬੋਲਦਿਆਂ ਕਿਹਾ ਕਿ ਜੱਸਲ ਜੀ ਤੁਹਾਡੇ ਨਾਲ ਸੁਪਰਡੰਟ ਤਹਿਬਜ਼ਾਰੀ ਦੋਬਾਰਾ ਮੌਕਾ ਵੇਖਣਗੇ ਅਤੇ ਕਾਰਵਾਈ ਕਰਵਾਉਣਗੇ ।

ਸ੍ਰੀ ਵਰੇਸ਼ ਮਿੰਟੂ, ਕੋਂਸਲਰ ਨੇ ਕਿਹਾ ਕਿ 120 ਫੁੱਟੀ ਸੜਕ ਤੇ ਜਿਹੜੀ ਮੱਛੀ ਮਾਰਕਿਟ ਲੱਗਦੀ ਹੈ ਉਸ ਨੂੰ ਹਟਾਉਣ ਬਾਰੇ ਕਿਹਾ ਸੀ ਜਿਸ ਤੇ ਸੁਪਰਡੰਟ ਤਹਿਬਜ਼ਾਰੀ ਨੇ ਜਵਾਬ ਦਿੰਦਿਆ ਕਿਹਾ ਕਿ ਉਹ ਕਾਰਵਾਈ ਕਰਨ ਗਏ ਸੀ ਤਾਂ ਸ੍ਰੀ ਲਖਵੀਰ ਸਿੰਘ ਬਾਜਵਾ, ਕੋਂਸਲਰ ਅਤੇ ਇਲਾਕਾ ਐਮ.ਐਲ.ਏ. ਜੀ ਨੇ ਕਾਰਵਾਈ ਕਰਨ ਤੋਂ ਰੋਕ ਦਿੱਤਾ ਸੀ ਅਤੇ ਕਿਹਾ ਸੀ ਕਿ ਪਹਿਲਾਂ ਇਹਨਾਂ ਵਾਸਤੇ ਜਗ੍ਹਾ ਬਨਵਾਓ, ਜਿਸ ਤੇ ਸ੍ਰੀ ਲਖਵੀਰ ਸਿੰਘ ਬਾਜਵਾ, ਕੌਂਸਲਰ ਨੇ ਕਿਹਾ ਕਿ ਇਸ ਵਾਸਤੇ 120 ਫੁੱਟੀ ਸੜਕ ਤੇ ਜਗ੍ਹਾ ਦੇਖੀ ਸੀ ਤਾਂ ਸੁਪਰਡੰਟ ਤਹਿਬਜ਼ਾਰੀ ਵਲੋਂ ਦੱਸਿਆ ਗਿਆ ਕਿ ਜਦ ਸਟਰੀਟ ਵੈਂਡਿੰਗ ਜ਼ੋਨ ਬਣੇਗਾ ਤਾਂ ਇਹਨਾਂ ਨੂੰ ਸ਼ਿਫਟ ਕਰਵਾ ਦਿੱਤਾ ਜਾਵੇਗਾ ।

ਸ੍ਰੀ ਲਖਵੀਰ ਸਿੰਘ ਬਾਜਵਾ, ਕੌਂਸਲਰ ਨੇ ਕਿਹਾ ਕਿ ਨਹਿਰ ਦੇ ਨਾਲ ਨਾਲ ਗੰਦੇ ਨਾਲੇ ਤੱਕ 100 ਦੇ ਲਗਭਗ ਪੱਕੇ ਖੋਖੇ ਬਨ ਚੁੱਕੇ ਹਨ ਜਿਸ ਕਰਕੇ ਲੋਕਾਂ ਦਾ ਆਉਣਾ ਜਾਣਾ ਮੁਸ਼ਕਿਲ ਹੋ ਰਿਹਾ ਹੈ, ਇਹਨਾਂ ਨੂੰ ਸਾਫ ਕਰਵਾਇਆ ਜਾਵੇ ।

ਸ੍ਰੀਮਤੀ ਸਰਬਜੀਤ ਕੌਰ, ਕੋਂਸਲਰ ਨੇ ਕਿਹਾ ਕਿ ਅਰਬਨ ਅਸਟੈਟ ਫੇਸ-2 ਤਾਜ ਹੋਟਲ ਦੇ ਸਾਹਮਣੇ ਸਬਜੀਆਂ ਦੀਆਂ ਰੇਹੜੀਆਂ ਦਾ ਜਾਮ ਲੱਗਾ ਰਹਿੰਦਾ ਹੈ । ਉਥੇ ਇੱਕ ਲੇਡੀ ਨੇ ਆਪਣੇ ਘਰ ਦੇ ਸਾਹਮਣੇ ਕਾਫੀ ਜਗ੍ਹਾ ਘੇਰ ਕੇ ਸਬਜੀ ਦਾ ਕੰਮ ਖੋਲ੍ਹਿਆ ਹੈ ਜਿਸ ਨਾਲ ਕਾਫੀ ਟਰੈਫਿਕ ਦੀ ਸਮੱਸਿਆ ਰਹਿੰਦੀ ਹੈ । ਜਿਸ ਤੇ ਸੁਪਰਡੰਟ ਤਹਿਬਜ਼ਾਰੀ ਨੇ ਜਵਾਬ ਦਿੰਦਿਆ ਕਿਹਾ ਕਿ ਦੋ ਦਿਨਾਂ ਬਾਅਦ ਇਸ ਤੇ ਕਾਰਵਾਈ ਕੀਤੀ ਜਾਵੇਗੀ ।

ਸ੍ਰੀਮਤੀ ਨੀਰਜਾ ਜੈਨ, ਕੋਂਸਲਰ ਨੇ ਕਿਹਾ ਕਿ ਮੈਨੂੰ ਸੁਪਰਡੰਟ ਵਿਗਿਆਪਣ ਸ਼ਾਖਾ ਵਲੋਂ ਪੱਤਰ ਭੇਜਿਆ ਗਿਆ ਕਿ ਤੁਹਾਡੇ ਕਹਿਣ ਤੇ 100 ਦੇ ਲਗਭਗ ਬੋਰਡ ਉਤਾਰ ਦਿੱਤੇ ਹਨ । ਉਹ ਪੁੱਛਦੇ ਹਨ ਕਿ ਕੀ ਇਹ ਲਿਸਟ ਮੈਂ ਦਿੱਤੀ ਸੀ । ਜਿਹੜੇ 39 ਯੂਨੀਪੋਲਾਂ ਬਾਰੇ ਮੈਂ ਵਾਰ-ਵਾਰ ਕਹਿ ਰਹੀ ਹਾਂ ਉਸ ਤੇ ਤਾਂ ਕੋਈ ਕਾਰਵਾਈ ਨਹੀਂ ਹੋ ਰਹੀ ।ਇਸ ਸਬੰਧੀ ਉਹਨਾਂ ਨੇ ਇੱਕ ਪੱਤਰ ਕਮਿਸ਼ਨਰ ਜੀ ਨੂੰ ਪੇਸ਼ ਕੀਤਾ । ਸੁਪਰਡੰਟ ਵਿਗਿਆਪਣ ਸ਼ਾਖਾ ਵਲੋਂ ਦੱਸਿਆ ਗਿਆ ਕਿ ਇਹਨਾਂ ਯੂਨੀਪੋਲਾਂ ਦਾ ਟੈਂਡਰ ਸਾਲ 2017 ਵਿੱਚ ਹੋਇਆ ਸੀ ਅਤੇ ਉਸੇ ਮੁਤਾਬਕ 59 ਯੂਨੀਪੋਲ ਲੱਗੇ ਹੋਏ ਹਨ। ਤੁਸੀਂ ਫਾਈਲ ਦੇਖ ਸਕਦੇ ਹੋ ।

ਸ੍ਰੀ ਦੇਸ ਰਾਜ ਜੱਸਲ, ਕੋਂਸਲਰ ਨੇ ਕਿਹਾ ਕਿ ਉਹਨਾਂ ਵਲੋਂ ਸੈਕਰਡ ਹਾਰਟ ਹਸਪਤਾਲ ਦੀ ਬਿਲਡਿੰਗ ਬਾਰੇ ਸਵਾਲ ਪੁੱਛਿਆ ਸੀ ਤਾਂ ਜਵਾਬ ਮਿਲਿਆ ਕਿ ਹਸਪਤਾਲ ਦੇ ਜਿਹੜੇ ਡਾਇਰੈਕਟਰ ਨੇ ਉਹ ਬਿਮਾਰ ਹਨ । ਉਹ ਪੁੱਛਦੇ ਹਨ ਕਿ ਮੈਂ ਸਵਾਲ ਨਗਰ ਨਿਗਮ ਤੋਂ ਪੁੱਛਿਆ ਸੀ ਜਾਂ ਹਸਪਤਾਲ ਪਾਸੋਂ ।

ਸੰਯੁਕਤ ਕਮਿਸ਼ਨਰ(ਹ) ਨੇ ਜਵਾਬ ਦਿੰਦਿਆਂ ਦੱਸਿਆ ਕਿ ਕੋਵਿਡ 19 ਦੋਰਾਨ 15/7/2020, 27/8/2020 ਅਤੇ 11/11/2020 ਨੂੰ ਤਿੰਨ ਵਾਰ ਹਸਪਤਾਲ ਨੂੰ ਨੋਟਿਸ ਦਿੱਤੇ ਗਏ ਪਰ ਕੋਈ ਜਵਾਬ ਨਹੀਂ ਆਇਆ । ਦੋ ਵਾਰ ਨਿੱਜੀ ਸੁਣਵਾਈ ਲਈ ਬੁਲਾਇਆ ਗਿਆ ਤਾਂ ਦੂਜੀ ਵਾਰ ਇੱਕ ਵਕੀਲ ਸਾਹਿਬ ਪੇਸ਼ ਹੋਏ ਅਤੇ ਉਹਨਾਂ ਦੱਸਿਆ ਕਿ ਐਡਮਿਨਿਸਟ੍ਰੇਟਰ ਠੀਕ ਨਹੀਂ ਹਨ ਅਤੇ ਬਿਲਡਿੰਗ ਸਬੰਧੀ ਸਾਰਾ ਰਿਕਾਰਡ ਹੈਡ ਆਫਿਸ ਦਿੱਲੀ ਵਿਖੇ ਹੈ । ਅਸੀਂ ਉਹਨਾਂ ਨੂੰ ਕਿਹਾ ਸਾਨੂੰ ਰਿਕਾਰਡ ਦਿਖਾਓ । ਅੱਜ ਤੀਜੀ ਵਾਰ ਉਹ ਹਾਜ਼ਰ ਹੋਏ ਅਤੇ ਕੁਝ ਰਿਕਾਰਡ ਮਿਲਿਆ ਹੈ ਜਿਸ ਨੂੰ ਅਸੀਂ ਪਰਸਿਉ ਕਰ ਰਹੇ ਹਾਂ ।ਇਹ ਰਿਕਾਰਡ ਕਾਫੀ ਪੁਰਾਣਾ ਹੈ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਕਿਹਾ ਕਿ ਉਥੇ ਅੱਜ ਵੀ ਬਿਲਡਿੰਗਾਂ ਬਣ ਰਹੀਆਂ ਹਨ । ਉਹਨਾਂ ਮੰਗ ਕੀਤੀ ਕਿ ਇਸ ਨੂੰ ਚੈਕ ਕਰਨ ਲਈ ਇੱਕ ਕਮੇਟੀ ਬਣਾਈ ਜਾਵੇ ਜਿਸ ਤੇ ਮੇਅਰ ਜੀ ਨੇ ਇਸ ਹਸਪਤਾਲ ਦੀ ਬਿਲਡਿੰਗ ਨੂੰ ਚੈਕ ਕਰਨ ਲਈ ਸੰਯੁਕਤ ਕਮਿਸ਼ਨਰ (ਹ), ਐਮ.ਟੀ.ਪੀ., ਸਰਵਸ੍ਰੀ ਦੇਸ ਰਾਜ ਜੱਸਲ, ਅੰਜਲੀ ਭਗਤ, ਅਰੁਣਾ ਅਰੋੜਾ, ਹਰਸ਼ਰਨ ਕੌਰ ਹੈਪੀ, ਲਖਵੀਰ ਸਿੰਘ ਬਾਜਵਾ ਅਤੇ ਵਰੇਸ਼ ਮਿੰਟੂ, ਕੌਂਸਲਰਾਂ ਦੇ ਆਧਾਰਤ ਕਮੇਟੀ ਦਾ ਗਠਨ ਕੀਤਾ ਅਤੇ ਹਦਾਇਤ ਕੀਤੀ ਕਿ ਇਹ ਕਮੇਟੀ ਕਲ੍ਹ ਸਵੇਰੇ ਸੰਯੁਕਤ ਕਮਿਸ਼ਨਰ (ਹ) ਨਾਲ ਮੌਕਾ ਚੈਕ ਕਰਕੇ ਰਿਪੋਰਟ ਕਰੇਗੀ ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ ਨੇ ਕਿਹਾ ਕਿ ਦੱਸਿਆ ਜਾਵੇ ਕਿ ਸ਼ਹਿਰ ਅੰਦਰ ਆਵਾਰਾ ਕੁੱਤਿਆਂ ਦੀ ਗਿਣਤੀ ਕਰਨ ਦੇ ਕੀ ਨਾਰਮਜ਼ ਹਨ? ਕਿਉਂਕਿ ਪਹਿਲਾਂ 17000 ਕੁੱਤਿਆਂ ਦੀ ਗੱਲ ਕਹੀ ਜਾਂਦੀ ਸੀ ਅਤੇ ਹੁਣ 9600 ਹੋਰ ਕੁੱਤਿਆਂ ਦੀ ਨਸਬੰਦੀ ਸਬੰਧੀ ਮਤਾ ਪੇਸ਼ ਕੀਤਾ ਜਾ ਰਿਹਾ ਹੈ । ਨਸਬੰਦੀ ਦੀ ਓਪਰੇਸ਼ਨ ਤੱਸਲੀਬਖ਼ਸ਼ ਨਹੀਂ ਹਨ ਕਿਉਂ ਜ਼ੋ ਸ਼ਹਿਰ ਅੰਦਰ ਆਵਾਰਾ ਕੁੱਤਿਆਂ ਦੀ ਗਿਣਤੀ ਲਗਾਤਾਰ ਵਧੀ ਜਾ ਰਹੀ ਹੈ ਅਤੇ ਕਈ ਥਾਂਵਾਂ ਤੇ ਆਵਾਰਾ ਕੁੱਤੀਆਂ ਵਲੋਂ ਬੱਚੇ ਪੈਦਾ ਕੀਤੇ ਜਾ ਰਹੇ ਹਨ ।ਜਿਸ ਨਾਲ ਏ.ਬੀ.ਸੀ. ਪ੍ਰੋਗਰਾਮ ਦਾ ਮਕਸਦ ਪੂਰਾ ਨਹੀਂ ਹੋ ਰਿਹਾ ਜਿਸ ਤੇ ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਏ.ਬੀ.ਸੀ.ਪ੍ਰੋਗਰਾਮ ਤਹਿਤ ਐਨੀਮਲ ਬਰਥ ਕੰਟਰੋਲ ਐਕਟ ਦੇ ਚੈਪਟਰ 3 ਅਨੁਸਾਰ ਏ.ਬੀ.ਸੀ. ਡਾਗ ਮੋਡਿਊਲ ਬਣਿਆ ਹੋਇਆ ਹੈ ਜਿਸ ਤਹਿਤ ਸਰਵੇ ਹੋਇਆ ਹੈ । 100 ਸ਼ਹਿਰੀਆਂ ਦੀ ਅਬਾਦੀ ਮਗਰ 1 ਤੋਂ 50 ਆਵਾਰਾ ਕੁੱਤੇ ਹੋ ਸਕਦੇ ਹਨ । ਉਸੇ ਮੁਤਾਬਕ ਸਰਵੇ ਹੋਇਆ ਸੀ । ਏ.ਬੀ.ਸੀ. ਪ੍ਰੋਗਰਾਮ ਚਲ ਰਿਹਾ ਹੈ ਅਤੇ ਹੁਣ ਤੱਕ 17000 ਦੇ ਕਰੀਬ ਓਪਰੇਸ਼ਨ ਹੋ ਚੁੱਕੇ ਹਨ । ਸਰਵੇ ਮੁਤਾਬਕ 36 ਤੋਂ 38 ਹਜ਼ਾਰ ਦੇ ਕਰੀਬ ਇਹ ਗਿਣਤੀ ਹੋ ਸਕਦੀ ਹੈ । ਸਾਡੀ ਉਮੀਦ ਹੈ ਕਿ 2-3 ਸਾਲਾਂ ਬਾਅਦ ਇਹ ਗਿਣਤੀ ਘਟਣੀ ਸ਼ੁਰੂ ਹੋ ਜਾਵੇਗੀ ।

ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਨੇ ਕਿਹਾ ਕਿ ਅਜਿਹੇ ਕੰਟਰੈਕਟ ਸਮੇਂ ਸਿਰ ਕਰ ਲੈਣੇ ਚਾਹੀਦੇ ਹਨ ਕਿਉਂਕਿ 3-4 ਮਹੀਨੇ ਪਹਿਲਾਂ ਉਹਨਾਂ ਨੇ ਆਵਾਰਾ ਕੁੱਤਿਆਂ ਨੂੰ ਚੁਕਵਾਉਣ ਲਈ ਕਿਹਾ ਤਾਂ ਜਵਾਬ ਮਿਲਿਆ ਸੀ ਕਿ ਕੰਟਰੈਕਟ ਖ਼ਤਮ ਹੋ ਚੁੱਕਾ ਹੈ । ਜਿਸ ਤੇ ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਇਸ ਦਾ ਟੈਡਰ ਖ਼ਤਮ ਹੋ ਚੁੱਕਾ ਸੀ ਅਤੇ ਕੋਵਿਡ 19 ਕਰਕੇ ਨਵਾਂ ਟੈਂਡਰ ਨਹੀਂ ਸੀ ਲੱਗ ਸਕਿਆ ਪਰ ਇਹ ਕੰਮ ਬੰਦ ਨਹੀਂ ਹੋਣ ਦਿੱਤਾ ਗਿਆ । ਅਸੀਂ ਸਾਰੇ ਵਿਭਾਗਾਂ ਨੂੰ ਨੋਟਿਸ ਵੀ ਕੱਢ ਦਿੱਤੇ ਹਨ ਕਿ ਜਿੰਨੇ ਵੀ ਅਜਿਹੇ ਜਾਂ ਹੋਰ ਕੰਟਰੈਕਟ ਚਲ ਰਹੇ ਹਨ ਉਹਨਾਂ ਦੇ ਖ਼ਤਮ ਹੋਣ ਤੋਂ 3 ਮਹੀਨੇ ਪਹਿਲਾਂ ਪਹਿਲਾਂ ਸਾਰੀਆਂ ਲੋੜੀਂਦੀਆਂ ਕਾਰਵਾਈਆਂ ਕਰ ਲਈਆਂ ਜਾਣ ਤਾਂ ਜ਼ੋ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਾ ਆਵੇ ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ ਨੇ ਕਿਹਾ ਕਿ ਜਲੰਧਰ ਸ਼ਹਿਰ ਅੰਦਰ ਕਿੰਨੀਆਂ ਅਣਅਧਿਕਾਰਤ ਕਲੋਨੀਆਂ ਹਨ ਦੱਸਿਆ ਜਾਵੇ । ਕਿੰਨਿਆਂ ਨੂੰ ਨੋਟਿਸ ਭੇਜੇ ਗਏ ਹਨ ਅਤੇ ਕਿੰਨਿਆਂ ਤੇ ਕਾਰਵਾਈ ਹੋਈ ਹੈ ਤੇ ਕਿੰਨਾ ਰੈਵੇਨਿਊ ਆਇਆ ਹੈ ।ਜਿਸ ਤੇ ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਸਾਲ 2013 ਤੋਂ 2018 ਤੱਕ ਜਦ ਇਹ ਕਲੋਨੀਆਂ ਕੱਟੀਆਂ ਗਈਆਂ ਸੀ ਤਾਂ ਕੀ ਤੁਸੀਂ ਸੁੱਤੇ ਹੋਏ ਸੀ ਤੇ ਹੁਣ ਕਿਉਂ ਜਵਾਬ ਮੰਗ ਰਹੇ ਹੋ । ਅਸੀਂ ਤਾਂ ਫਿਰ ਵੀ ਜਵਾਬ ਦੇਵਾਂਗੇ ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਤੁਸੀਂ 21 ਕਰੋੜ ਰੁਪਏ ਦਾ ਰੈਵੇਨਿਊ ਲਾਸ ਫੜਿਆ ਹੈ । ਅਜਿਹੀਆਂ ਸ਼ਹਿਰ ਵਿੱਚ ਕਿੰਨੀਆਂ ਅਵੈਧ ਕਲੋਨੀਆਂ ਹਨ । ਤੁਸੀਂ ਖੁਦ ਮੰਨਦੇ ਹੋ ਕਿ ਇਹਨਾਂ ਵਿੱਚ ਕਰਪਸ਼ਨ ਹੋ ਰਹੀ ਹੈ । ਤੁਹਾਡੇ ਤਾਂ ਐਮ.ਐਲ.ਏ. ਵੀ ਕਹਿ ਰਹੇ ਹਨ । ਜਿਸ ਤੇ ਸ੍ਰੀ ਸੁਸ਼ੀਲ ਕਾਲੀਆ ਨੇ ਕਿਹਾ ਕਿ ਅਸੀਂ ਤਾਂ ਰੈਵੇਨਿਊ ਲਿਆਉਣਾ ਹੈ ਤੇ ਤੁਸੀਂ ਤਾਂ ਲੁੱਟ ਪਾਈ ਹੋਈ ਸੀ ।ਜਿਸ ਤੇ ਸ੍ਰੀ ਵਰੇਸ਼ ਮਿੰਟੂ ਨੇ ਕਿਹਾ ਕਿ ਜਦੋਂ ਦੀ ਕਾਰਪੋਰੇਸ਼ਨ ਬਣੀ ਹੈ, ਉਦੋਂ ਤੋ ਜਿੰਨੀਆਂ ਵੀ ਕਲੋਨੀਆਂ ਕੱਟੀਆਂ ਗਈਆਂ ਹਨ ਦੀ ਚੈਕਿੰਗ ਕਰਵਾਈ ਜਾਵੇ । ਕਿੰਨੀਆਂ ਨਜਾਇਜ਼ ਬਿਲਡਿੰਗਾਂ ਬਣੀਆ ਹਨ ਜਿਹਨਾਂ ਦੀ ਪਾਰਕਿੰਗ ਵਾਲੀ ਜਗ੍ਹਾ ਵੀ ਨਹੀਂ ਹੈ । ਸ਼ਹਿਰ ਵਿੱਚ ਕਿੰਨੀਆਂ ਨਜਾਇਜ਼ ਰੇਹੜੀਆਂ ਅਤੇ ਖੋਖੇ ਹਨ ਦੱਸਿਆ ਜਾਵੇ । ਤਹਿਬਜ਼ਾਰੀ ਸਟਾਫ ਪ੍ਰਤੀ ਰੇਹੜੀ 1000-1000 ਰੁਪਏ ਲੈ ਰਿਹਾ ਹੈ ।

ਸੰਯੁਕਤ ਕਮਿਸ਼ਨਰ (ਹ) ਨੇ ਜਵਾਬ ਦਿੰਦਿਆ ਕਿਹਾ ਕਿ 2013 ਵਿੱਚ ਪਾਲਿਸੀ ਆਈ ਸੀ ਜਿਸ ਮੁਤਾਬਕ ਪੁਰਾਣੀਆਂ ਬਿਲਡਿੰਗ ਅਤੇ ਕਲੋਨੀਆਂ ਨੂੰ ਰੈਗੁਲਰਾਈਜ਼ ਕਰਵਾਇਆ ਜਾ ਸਕਦਾ ਸੀ । ਇਸ ਪਾਲਿਸੀ ਤਹਿਤ 199 ਕਲੋਨੀਆਂ ਵਾਲਿਆਂ ਨੇ ਅਪਲਾਈ ਕੀਤਾ ਸੀ ਜਿਹਨਾਂ ਵਿੱਚੋਂ 38 ਕਲੋਨੀਆਂ ਨੂੰ ਅਪਰੂਵ ਕਰ ਦਿੱਤਾ ਗਿਆ ਸੀ ਅਤੇ 40 ਆਵੇਦਨ ਰੱਦ ਕਰ ਦਿੱਤੇ ਗਏ ਸਨ। ਘੋਖ ਕਰਨ ਉਪਰੰਤ 2 ਹੋਰ ਅਜਿਹੀਆਂ ਕਲੋਨੀਆਂ ਸਨ ਜਿਹਨਾਂ ਨੇ ਪੈਸੇ ਤਾਂ ਜਮ੍ਹਾਂ ਕਰਵਾਏ ਸੀ ਪਰ ਪਾਲਿਸੀ ਮੁਤਾਬਕ ਰੈਗੁਲਰਾਈਜ਼ ਨਹੀਂ ਸੀ ਕੀਤਾ ਜਾ ਸਕਦਾ, ਉਹਨਾਂ ਦੇ ਆਵੇਦਨ ਵੀ ਰੱਦ ਕਰ ਦਿੱਤੇ ਗਏ ਸਨ । 121 ਫਾਈਲਾਂ ਪੈਡਿੰਗ ਹਨ । ਇਹਨਾਂ ਨੂੰ ਰੈਗੁਲਰ ਕਰਨ ਸਬੰਧੀ ਰੈਗੁਲੇਟਰੀ ਕਮੇਟੀ ਦੀ ਬੈਠਕ ਜਲਦ ਬੁਲਾਈ ਜਾ ਰਹੀ ਹੈ ਅਤੇ ਉਸ ਉਪਰੰਤ ਕਾਰਵਾਈ ਕੀਤੀ ਜਾਵੇਗੀ । ਸੁਪਰਡੰਟ ਤਹਿਬਜ਼ਾਰੀ ਨੇ ਜਵਾਬ ਦਿੰਦਿਆ ਕਿਹਾ ਕਿ ਸਾਲ 2016 ਵਿੱਚ ਰੇਹੜੀਆਂ ਦਾ ਸਰਵੇ ਕਰਵਾਇਆ ਗਿਆ ਸੀ ਜਿਸ ਮੁਤਾਬਕ ਸ਼ਹਿਰ ਅੰਦਰ 12014 ਰੇਹੜੀਆਂ ਸਨ। ਉਸ ਉਪਰੰਤ ਕੋਈ ਸਰਵੇ ਨਹੀਂ ਹੋਇਆ। ਇਹਨਾਂ ਵਿੱਚੋਂ 7000 ਰੇਹੜੀਆਂ ਵਾਲਿਆਂ ਨੂੰ ਆਈ-ਕਾਰਡ ਜਾਰੀ ਕੀਤੇ ਗਏ, 1800 ਨੂੰ ਦੱਸ-ਦੱਸ ਹਜ਼ਾਰ ਦੇ ਲੋਨ ਦਵਾਏ ਗਏ, 1500 ਨਵਿਆਂ ਨੂੰ ਐਲ.ਓ.ਆਰ. ਜਾਰੀ ਕੀਤੇ ਗਏ। 12014 ਵਿੱਚੋਂ 4000 ਬੰਦੇ ਮੰਡੀਆਂ ਦੇ ਸਨ ਜਿਨਾਂ ਨੂੰ ਬਾਹਰ ਕੱਢਿਆ ਗਿਆ ਅਤੇ ਹੁਣ ਇਹ ਗਿਣਤੀ ਸਿਰਫ 8000 ਦੇ ਕਰੀਬ ਰਹਿ ਗਈ ਹੈ । ਇਸੇ ਦੌਰਾਣ ਸ੍ਰੀ ਵਰੇਸ਼ ਮਿੰਟੂ, ਕੌਂਸਲਰ ਨੇ ਫਿਰ ਬੋਲਦਿਆਂ ਕਿਹਾ ਦੀ ਉਹਨਾਂ ਨੂੰ ਜਵਾਬ ਦਿੱਤਾ ਜਾਵੇ ਜਿਸ ਤੇ ਮੁੜ੍ਹ ਸੱਤਾ ਧਿਰ ਦੇ ਕੌਂਸਲਰ ਖ਼ੜੇ ਹੋ ਗਏ ਅਤੇ ਕਾਫੀ ਰੋਲਾ ਰੱਪਾ ਸ਼ੁਰੂ ਹੋ ਗਿਆ ਜਿਸ ਤੇ ਮੇਅਰ ਜੀ ਨੇ ਸ੍ਰੀ ਵਰੇਸ਼ ਮਿੰਟੂ, ਕੌਂਸਲਰ ਨੂੰ ਹਦਾਇਤ ਕੀਤੀ ਕਿ ਤੁਸੀਂ ਬਹੁਤ ਸਾਰਾ ਸਮਾਂ ਹਾਊਸ ਦਾ ਲੈ ਚੁੱਕੇ ਹੋ ਅਤੇ ਹੁਣ ਬਾਕੀਆਂ ਨੂੰ ਵੀ ਬੋਲਣ ਦਾ ਮੌਕਾ ਦਿਓ ਪਰ ਮੇਅਰ ਜੀ ਦੀ ਕੋਈ ਗੱਲ ਨਹੀਂ ਸੁਣੀ ਗਈ ਅਤੇ ਸ਼ੋਰ ਸ਼ਰਾਬਾ ਹੁੰਦਾ ਰਿਹਾ । **ਮੇਅਰ ਜੀ ਨੇ ਰੈਗੁਲਰ ਅਜੰਡਾ ਪੜ੍ਹਣ ਦੇ ਆਦੇਸ਼ ਦਿੱਤੇ ਜਿਸ ਤੇ ਅਜੰਡਾ ਪੜ੍ਹਿਆ ਗਿਆ ਅਤੇ ਕੁਝ ਮੱਦਾਂ ਅਜੰਡੇ ਤੋਂ ਬਾਹਰੋਂ ਲਈਆਂ ਗਈਆਂ ।**

ਇਸ ਉਪਰੰਤ ਕੌਂਸਲਰਾਂ ਦੀ ਮੰਗ ਤੇ ਮੇਅਰ ਜੀ ਨੇ ਜ਼ੀਰੋ ਆਵਰ ਮੁੜ੍ਹ ਸ਼ੁਰੂ ਕਰਨ ਦੇ ਆਦੇਸ਼ ਦਿੱਤੇ । ਸ੍ਰੀਮਤੀ ਅੰਜਲੀ ਭਗਤ, ਕੌਂਸਲਰ ਨੇ ਕਿਹਾ ਕਿ ਸਾਰੇ ਅਧਿਕਾਰੀਆਂ ਅਤੇ ਮੇਅਰ ਜੀ ਦੇ ਸਹਿਯੋਗ ਨਾਲ ਉਹਨਾਂ ਦੇ ਵਾਰਡ ਦੇ ਸਾਰੇ ਕੰਮ ਹੋ ਰਹੇ ਹਨ ਪਰ ਉਹਨਾਂ ਨੂੰ ਲੈਂਡ ਸਕੇਪ ਕਮੇਟੀ ਅਤੇ ਪ੍ਰਾਪਰਟੀ ਟੈਕਸ ਐਡਹਾਕ ਕਮੇਟੀ ਵਿੱਚ ਬਤੌਰ ਮੈਂਬਰ ਨਾਮਜਦ ਕੀਤਾ ਗਿਆ ਸੀ ਪ੍ਰੰਤੂ ਕਦੇ ਵੀ ਉਹਨਾਂ ਨੂੰ ਇਹਨਾਂ ਕਮੇਟੀਆਂ ਦੀਆਂ ਮੀਟਿੰਗਾਂ ਵਿੱਚ ਨਹੀਂ ਬੁਲਾਇਆ ਗਿਆ ਜਿਸ ਕਰਕੇ ਉਹ ਇਹਨਾਂ ਕਮੇਟੀਆਂ ਤੋਂ ਆਪਣਾ ਅਸਤੀਫਾ ਦਿੰਦੇ ਹਨ ਅਤੇ ਉਹਨਾਂ ਨੇ ਅਸਤੀਫੇ ਦੀ ਕਾਪੀ ਮੇਅਰ ਜੀ ਨੂੰ ਸੋਂਪੀ ।

ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸਫਾਈ ਦਾ ਬਹੁਤ ਮਾੜਾ ਹਾਲ ਹੈ । ਦੋ ਮਹੀਨੇ ਤੋਂ ਕੂੜਾ ਚੁੱਕਣ ਵਾਲੀ ਗੱਡੀ ਖ਼ਰਾਬ ਹੈ ਜਿਸ ਬਾਰੇ ਕੋਈ ਕਾਰਵਾਈ ਨਹੀਂ ਹੋ ਰਹੀ ਜਿਸ ਤੇ ਮੇਅਰ ਜੀ ਨੇ ਸਹਾਇਕ ਸਿਹਤ ਅਫ਼ਸਰ ਨੂੰ ਹਦਾਇਤ ਕੀਤੀ ਕਿ ਤੁਰੰਤ ਇਸ ਦਾ ਨਿਪਟਾਰਾ ਕਰਵਾਇਆ ਜਾਵੇ ।

ਸ਼੍ਰੀਮਤੀ ਬਿਮਲਾ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਜ਼ੋਗਿੰਦਰ ਨਗਰ ਵਿਖੇ ਗੰਦਾ ਪਾਣੀ ਆ ਰਿਹਾ ਹੈ । ਬੇਅੰਤ ਨਗਰ ਦੀ ਸੜਕ ਦੋ ਮਹੀਨਿਆਂ ਤੋਂ ਪੁੱਟੀ ਹੋਈ ਹੈ ਪਰ ਕੋਈ ਕੰਮ ਨਹੀਂ ਹੋ ਰਿਹਾ ਅਤੇ ਸਟਰੀਟ ਲਾਈਟਾਂ ਵੀ ਬੰਦ ਪਈਆਂ ਹਨ । ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਕਾਰਜਕਾਰੀ ਇੰਜੀਨਿਅਰ ਨੂੰ ਮਿਲਣ ਦੀ ਹਦਾਇਤ ਕੀਤੀ ।

ਸ਼੍ਰੀਮਤੀ ਉਮਾ ਬੇਰੀ, ਕੌਂਸਲਰ ਨੇ ਕਿਹਾ ਕਿ ਅੱਜ ਦੇ ਅਜੰਡੇ ਵਿੱਚ ਨਯਾਂ ਬਜ਼ਾਰ ਦੀਆਂ ਦੁਕਾਨਾਂ ਸਬੰਧੀ ਮਤਾ ਪੇਸ਼ ਕੀਤਾ ਗਿਆ ਹੈ, ਉਹ ਬੇਨਤੀ ਕਰਦੇ ਹਨ ਕਿ ਇਹਨਾਂ ਦੁਕਾਨਦਾਰਾਂ ਨੂੰ ਰਿਲੈਕਸੇਸ਼ਨ ਦਿੱਤੀ ਜਾਵੇ ਕਿਉਂਜੋ ਇਹ ਲੋਕ ਸ਼ਟਰ ਨਾ ਲੱਗੇ ਹੋਣ ਕਾਰਨ 24 ਘੰਟੇ ਆਪਣੇ ਸਮਾਨ ਦੀ ਰਖਵਾਲੀ ਕਰਦੇ ਹਨ, ਇਸ ਸਬੰਧੀ ਪੰਜਾਬ ਸਰਕਾਰ ਵਲੋਂ ਜਿਹੜੀ ਪ੍ਰਾਪਰਟੀਜ਼ ਸਬੰਧੀ ਪਾਲਿਸੀ ਆਈ ਹੈ ਉਸ ਵਿੱਚ ਵੀ ਇਹ ਕਵਰ ਹੁੰਦੇ ਹਨ । ਇਸ ਤੋਂ ਇਲਾਵਾ ਉਹਨਾਂ ਇਹ ਵੀ ਕਿਹਾ ਕਿ ਤਿੰਨ-ਤਿੰਨ ਮਹੀਨੇ ਹੋ ਗਏ ਹਨ ਕਿ ਲੋਕਾਂ ਦੇ ਨਕਸ਼ੇ ਪਾਸ ਨਹੀਂ ਹੋ ਰਹੇ। ਆਨ ਲਾਈਨ ਦੇ ਨਾਲ-ਨਾਲ ਆਫ ਲਾਈਨ ਵੀ ਨਕਸ਼ੇ ਪਾਸ ਕੀਤੇ ਜਾਣ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਜਿਹੜਾ ਨਵਾਂ ਐਕਟ ਆਇਆ ਹੈ ਉਸ ਮੁਤਾਬਕ ਜੇਕਰ ਇਹ ਦੁਕਾਨਦਾਰ ਨਗਰ ਨਿਗਮ ਦੀ ਮਲਕੀਅਤੀ ਵਾਲੀ ਜਗ੍ਹਾ ਤੇ ਹਨ ਅਤੇ 12 ਸਾਲਾਂ ਤੋਂ ਵੱਧ ਦੇ ਕਾਬਜ਼ ਹਨ ਤਾਂ ਉਹਨਾਂ ਨੂੰ ਨਵੀਂ ਲੀਜ਼ ਜਾਂ ਪ੍ਰੋਪਰਾਈਟ੍ਰਿਜ਼ ਰਾਈਟਸ ਦੇ ਸਕਦੇ ਹਾਂ ਜਾਂ ਨਹੀਂ ਦੇਖ ਲਿਆ ਜਾਵੇਗਾ ।

ਸ਼੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਕਿਹਾ ਉਨ੍ਹਾਂ ਵੱਲੋ ਮਿਤੀ 6.11.2020 ਦੀ ਮੀਟਿੰਗ ਦੌਰਾਣ ਮੁੱਦਾ ਉਠਾਇਆ ਸੀ ਕਿ ਸਕਾਈ ਲਾਰਕ ਹੋਟਲ, ਪਟੇਲ ਹਸਪਤਾਲ ਵਾਲਾ ਮੁੱਦਾ ਅਤੇ ਨਿਊਂ ਜਵਾਹਰ ਨਗਰ ਮਾਰਕਿਟ ਵਿਖੇ ਲੱਗੇ ਟਾਵਰ ਨੂੰ ਨਾ ਉਤਾਰੇ ਜਾਣ ਦਾ ਰੋਸ਼ ਹੈ। ਸੱਤ ਕਰਤਾਰ ਨਗਰ ਦੀ ਬੈਕਸਾਈਡ ਤੇ ਬੈਂਕ ਤੋਂ ਲੈ ਕੇ ਵਾਲਮੀਕ ਮੁਹੱਲੇ ਤੱਕ 150×16 ਫੁੱਟ ਦਾ ਸੜ੍ਹਕ ਦਾ ਟੋਟਾ ਅਗਸਤ 2018 ਤੋਂ ਨਹੀਂ ਬਣਿਆਂ। ਜਿਸ ਬਾਰੇ ਉਨ੍ਹਾਂ ਨੇ ਪਹਿਲਾ ਪੱਤਰ 11.11.2018 ਨੂੰ ਦਿੱਤਾ ਸੀ ਅਤੇ ਫਿਰ 18.10.2019 ਨੂੰ ਦਿੱਤਾ ਸੀ। ਅਗਸਤ 2018 ਤੋਂ ਇਹ ਸੜ੍ਹਕ ਬਣਨੀ ਸ਼ੁਰੂ ਹੋਈ ਸੀ ਪਰ ਪਾਈਪ ਦੀ ਲੀਕੇਜ਼ ਕਾਰਨ ਸੜ੍ਹਕ ਦਾ ਇਹ ਟੋਟਾਂ ਛੱਡ ਦਿੱਤਾ ਗਿਆ ਸੀ। ਭਗਵਾਨ ਵਾਲਮੀਕ ਜੈਅੰਤੀ ਦੇ ਮੌਕੇ ਤੇ ਵੀ ਮੈਂ ਕਿਹਾ ਕਿ ਸੜ੍ਹਕ ਬਣਾ ਦਿਉ ਪਰ ਨਹੀਂ ਬਣੀ। ਮੈਨੂੰ ਇਹ ਪਤਾ ਲੱਗਾ ਹੈ ਕਿ ਇਸ ਸੜ੍ਹਕ ਨੂੰ ਬਣਾਉਣ ਦੀ ਅਦਾਇਗੀ ਵੀ ਹੋ ਚੁੱਕੀ ਹੈ। ਇਸ ਤੇ ਮੇਅਰ ਜੀ ਨੇ ਕਿਹਾ ਕਿ ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਮੀਟਿੰਗ ਵਿੱਚ ਨਵਾਂ ਜ਼ੀਰੋ ਆਵਰ ਸੁਰੂ ਕਰਨ ਦੀ ਬਜਾਏ ਪਹਿਲਾਂ ਆਪਣੇ ਪਿਛਲੇ ਸਵਾਲਾਂ ਦੇ ਜਵਾਬ ਲਿਆ ਕਰੋ ।ਉਹਨਾਂ ਸਬੰਧੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੈਂਬਰ ਵਲੋਂ ਉਠਾਏ ਗਏ ਸਵਾਲਾਂ ਦਾ ਜਵਾਬ ਸਮੇਂ ਸਿਰ ਦਿੱਤਾ ਜਾਇਆ ਕਰੇ ।

ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ ਨੇ ਕਿਹਾ ਕਿ ਕਿ ਮੇਅਰ ਸਾਹਿਬ ਤੁਸੀਂ ਮੇਰੇ ਵਾਰਡ ਤੋਂ ਐਲ.ਈ.ਡੀ. ਲਾਈਟਾਂ ਦੇ ਪ੍ਰੋਜੈਕਟ ਨੂੰ ਸੁਰੂ ਕੀਤਾ ਹੈ ਜਿਸ ਲਈ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ।

ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪੈਂਦੇ ਪੁੱਡਾ ਵਾਲੀ ਥਾਂ ਦਾ ਮਸਲਾ ਕੁਝ ਹੱਦ ਤੱਕ ਠੀਕ ਹੋਇਆ ਹੈ ਪਰ ਅਜੇ ਵੀ ਕੰਮ ਬਾਕੀ ਹੈ । ਉਹਨਾਂ ਇਹ ਵੀ ਕਿਹਾ ਕਿ ਨਹਿਰੂ ਗਾਰਡਨ ਦੀ ਉਸਾਰੀ ਤੇ ਲਗਭਗ 5 ਕਰੋੜ ਰੁਪਏ ਖ਼ਰਚ ਕੀਤੇ ਗਏ ਸਨ ਜਿਸ ਵਿੱਚ ਦੋ ਕਰੋੜ ਦੇ ਕਰੀਬ ਫੁਆਰਾ ਵੀ ਲੱਗਾ ਸੀ ਜਿਹੜਾ ਕਿ ਨਹੀਂ ਚਲ ਰਿਹਾ । ਇਸ ਤੋਂ ਇਲਾਵਾ ਇਸ ਬਾਗ ਦੀ ਸਫਾਈ ਦਾ ਵੀ ਬਹੁਤ ਮਾੜਾ ਹਾਲ ਹੈ । ਉਹਨਾਂ ਇਹ ਵੀ ਕਿਹਾ ਕਿ ਪੁਰਾਣੀ ਵਰਕਸ਼ਾਪ ਜਿਥੇ ਫਿਸ਼ ਐਕੁਏਰੀਅਮ ਬਣਾਏ ਜਾਣ ਦੀ ਤਜ਼ਵੀਜ਼ ਸੀ ਉਥੇ ਪ੍ਰਾਈਵੇਟ ਟਰਾਂਸਪੋਰਟ ਵਾਲੇ ਸਾਰਾ ਸਾਰਾ ਦਿਨ ਆਪਣੀਆਂ ਗੱਡੀਆਂ ਖੜੀਆਂ ਰੱਖਦੇ ਹਨ ਅਤੇ ਮਾਲ ਦੀ ਲੋਡਿੰਗ ਅਤੇ ਅਣਲੋਡਿੰਗ ਹੁੰਦੀ ਰਹਿੰਦੀ ਹੈ । ਇਹ ਲਗਭਗ 4200 ਗਜ ਜਗ੍ਹਾ ਹੈ । ਇਸ ਜਗ੍ਹਾ ਨੂੰ ਪਾਰਕਿੰਗ ਦੇ ਮੰਤਵ ਲਈ ਵਰਤਿਆ ਜਾ ਸਕਦਾ ਹੈ ਅਤੇ ਨਗਰ ਨਿਗਮ ਨੂੰ ਆਮਦਨ ਹੋ ਸਕਦੀ ਹੈ ।

ਮੇਅਰ ਜੀ ਨੇ ਦੱਸਿਆ ਕਿ ਇਸ ਥਾਂ ਤੇ ਨਗਰ ਨਿਗਮ ਦਾ ਨਵਾਂ ਟਾਊਨ ਹਾਲ ਬਣਾਏ ਜਾਣ ਦੀ ਪਲਾਨਿੰਗ ਚਲ ਰਹੀ ਹੈ ।

ਸ਼੍ਰੀਮਤੀ ਬਲਜਿੰਦਰ ਕੌਰ,ਕੌਂਸਲਰ ਨੇ ਕਿਹਾ ਕਿ ਬਚਿੰਤ ਨਗਰ ਸੜਕ ਬਣਾਈ ਗਈ ਹੈ ਜਿਹੜੀ ਕਿ ਉਹਨਾਂ ਵਲੋਂ ਪਾਸ ਕਰਵਾਈ ਗਈ ਸੀ ਪਰ ਉਹਨਾਂ ਨੂੰ ਦੱਸੇ ਬਗੈਰ ਹੀ ਐਮ.ਐਲ.ਏ. ਵਲੋਂ ਉਦਘਾਟਨ ਕਰ ਦਿੱਤਾ ਗਿਆ ਜਦ ਕਿ ਉਹਨਾਂ ਨੂੰ ਬੁਲਾਇਆ ਤੱਕ ਨਹੀਂ ਗਿਆ ।

ਸ਼੍ਰੀਮਤੀ ਮਨਦੀਪ ਕੌਰ ਮੁਲਤਾਨੀ, ਕੌਂਸਲਰ ਨੇ ਮੇਅਰ ਜੀ ਨੂੰ ਵਧਾਈ ਦਿੰਦਿਆ ਕਿਹਾ ਕਿ ਤੁਸੀਂ ਵਧਾਈ ਦੇ ਪਾਤਰ ਹੋ ਕਿ ਸ਼ਹਿਰ ਅੰਦਰ ਐਲ.ਈ.ਡੀ. ਲਾਈਟਾਂ ਲਗਾਉਣ ਦਾ ਪ੍ਰੋਜੈਕਟ ਸੁਰੂ ਹੋ ਗਿਆ ਹੈ । ਉਹਨਾਂ ਇਹ ਵੀ ਮੰਗ ਕੀਤੀ ਕਿ ਰਾਮਾਮੰਡੀ ਏਰੀਆ ਵਿਖੇ ਸੜਕਾਂ ਤੇ ਲੱਗੀਆਂ ਰੇਹੜੀਆਂ ਨੂੰ ਸ਼ਿਫਟ ਕਰਵਾਇਆ ਜਾਵੇ ।

ਸ਼੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ ਨੇ ਕਿਹਾ ਉਹਨਾਂ ਦੇ ਵਾਰਡ ਦੇ 4 ਸਫਾਈ ਸੇਵਕ ਰਿਟਾਇਰਡ ਹੋ ਗਏ ਹਨ । ਦੋ ਸਫਾਈ ਸੇਵਕ ਅਜਿਹੇ ਹਨ ਜਿਹੜੇ ਆਉਂਦੇ ਹੀ ਨਹੀਂ ਤੇ ਨਾ ਹੀ ਹਾਜਰੀ ਲਗਾਉਂਦੇ ਹਨ। ਸੀਵਰੇਜ਼ ਦੀ ਸੱਮਸਿਆ ਹੈ ਪਰ ਕੋਈ ਸੁਣਵਾਈ ਨਹੀਂ ਹੋ ਰਹੀ । ਪੁਰਾਣੀ ਦੁਸ਼ਹਿਰਾ ਗਰਾਉਂਡ ਦੇ ਡੰਪ ਨੂੰ ਤਿੰਨ ਸਾਲਾਂ ਤੋਂ ਸਾਫ ਕਰਨ ਲਈ ਕਿਹਾ ਜਾ ਰਿਹਾ ਹੈ ਪਰ ਕੰਮ ਨਹੀਂ ਹੋ ਰਿਹਾ । ਦੂਜੇ ਵਾਰਡਾਂ ਦਾ ਕੂੜਾ ਵੀ ਇਸੇ ਡੰਪ ਤੇ ਆ ਰਿਹਾ ਹੈ। ਮੇਅਰ ਜੀ ਨੇ ਉਹਨਾਂ ਨੂੰ ਹਦਾਇਤ ਕੀਤੀ ਕਿ ਤੁਸੀਂ ਕਲ੍ਹ ਮੇਰੇ ਦਫ਼ਤਰ ਆਓ ਤਾਂ ਜ਼ੋ ਇਸ ਦਾ ਨਿਪਟਾਰਾ ਕੀਤਾ ਜਾ ਸਕੇ ।

ਸ਼੍ਰੀਮਤੀ ਅੰਜਲੀ, ਸ਼੍ਰੀਮਤੀ ਪਰਵੀਨਾ ਮੰਨੂ ਅਤੇ ਸ਼੍ਰੀਮਤੀ ਹਰਸ਼ਰਨ ਕੌਰ ਹੈਪੀ, ਕੌਂਸਲਰਾਂ ਨੇ ਵੀ ਮੁੱਦਾ ਉਠਾਇਆ ਕਿ ਜਿਹਨਾਂ ਵਾਰਡਾਂ ਦੇ ਸਫਾਈ ਸੇਵਕਾਂ ਦੀ ਮੌਤ ਹੋ ਜਾਂਦੀ ਹੈ ਅਤੇ ਉਹਨਾਂ ਦੇ ਵਾਰਸਾਂ ਨੂੰ ਨੌਕਰੀ ਮਿਲ ਜਾਂਦੀ ਹੈ ਪਰ ਉਹ ਦੋਬਾਰਾ ਉਸੇ ਵਾਰਡ ਵਿੱਚ ਨਹੀਂ ਲੱਗਦੇ । ਇਸ ਸਬੰਧੀ ਲਗਭਗ 35 ਵਿਅੱਕਤੀਆਂ ਦੀ ਸੂਚੀ ਉਹਨਾਂ ਨੇ ਪ੍ਰਸ਼ਾਸਨ ਨੂੰ ਸੌਂਪੀ ਸੀ ਪਰ ਕੋਈ ਕਾਰਵਾਈ ਨਹੀਂ ਹੋਈ । ਜਿਸ ਤੇ ਮੇਅਰ ਜੀ ਨੇ ਸੰਯੁਕਤ ਕਮਿਸ਼ਨਰ ਨੂੰ ਜਵਾਬ ਦੇਣ ਲਈ ਕਿਹਾ ।

ਸੰਯੁਕਤ ਕਮਿਸ਼ਨਰ (ਹ) ਨੇ ਜਵਾਬ ਦਿੰਦਿਆ ਕਿਹਾ ਕਿ ਵਾਰਡਬੰਦੀ ਤੋਂ ਬਾਅਦ ਸ਼ਹਿਰ ਦੇ 80 ਵਾਰਡ ਹੋਣ ਕਾਰਣ ਬੀਟ ਸਿਸਟਮ ਨੂੰ ਰਿਵਿਊ ਕੀਤਾ ਜਾ ਰਿਹਾ ਹੈ । ਨਗਰ ਨਿਗਮ ਪਾਸ ਲਗਭਗ 800 ਸਫਾਈ ਸੇਵਕਾਂ ਦੀ ਘਾਟ ਹੈ । ਕਈ ਵਾਰਡਾਂ ਵਿੱਚ ਸਫਾਈ ਸੇਵਕ ਹੈ ਹੀ ਨਹੀਂ । ਅਜਿਹੇ ਵਾਰਡਾਂ ਵਿੱਚ ਦੂਜੇ ਵਾਰਡਾਂ ਤੋਂ ਸਫਾਈ ਸੇਵਕਾਂ ਨੂੰ ਡਾਇਵਰਟ ਕੀਤਾ ਜਾ ਰਿਹਾ ਹੈ

ਡਾ: ਤਮਨਰੀਤ ਕੌਰ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਕਿਸਾਨ ਵੀਰਾਂ ਲਈ ਖੜੇ ਹੋਣਾ ਚਾਹੀਦਾ ਹੈ ਜਿਸ ਤੇ ਸ੍ਰੀ ਪਰਮਜੋਤ ਸਿੰਘ ਸ਼ੈਰੀ ਚੱਡਾ, ਕੌਂਸਲਰ ਨੇ ਹਾਮੀ ਭਰੀ ਅਤੇ ਕਿਹਾ ਕਿ ਜੇਕਰ ਸਾਡਾ ਅੰਨਦਾਤਾ ਹੀ ਭੁੱਖਾ ਮਰੇਗਾ ਤਾਂ ਸਾਡਾ ਕੀ ਹਾਲ ਹੋਵੇਗਾ । ਉਹਨਾਂ ਸਮੂਹ ਹਾਊਸ ਨੂੰ ਬੇਨਤੀ ਕੀਤੀ ਕਿ ਕਿਸਾਨ ਵੀਰਾਂ ਨੂੰ ਸਮਰਥਨ ਦਿੱਤਾ ਜਾਵੇ ਜਿਸ ਤੇ ਸਮੂਹ ਹਾਊਸ ਨੇ ਖੜੇ ਹੋ ਕੇ ਕਿਸਾਨਾਂ ਦੇ ਅੰਦੋਲਨ ਨੂੰ ਸਮਰਥਨ ਦਿੱਤਾ । ਇਸ ਦੌਰਾਣ ਕੇਂਦਰ ਸਰਕਾਰ ਦੇ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ ਗਈ ।

ਡਾ: ਤਮਨਰੀਤ ਕੌਰ, ਕੌਂਸਲਰ ਨੇ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਦੇ 10 ਲੱਖ ਰੁਪਏ ਦੇ ਮੇਨਟੀਨੈਂਸ ਦੇ ਕੰਮ ਨਹੀਂ ਹੋ ਰਹੇ ਅਤੇ ਪਹਿਲਾਂ ਵੀ ਉਹ ਇਸ ਬਾਰੇ ਕਹਿ ਚੁੱਕੇ ਹਨ ਤਾਂ ਮੇਅਰ ਜੀ ਨੇ ਮੁੜ੍ਹ ਉਹਨਾਂ ਨੂੰ ਹਦਾਇਤ ਕੀਤੀ ਕਿ ਪਹਿਲਾਂ ਆਪਣੇ ਪੁਰਾਣੇ ਸਵਾਲਾਂ ਦੇ ਜਵਾਬ ਲਿਆ ਕਰੋ ਫਿਰ ਹੀ ਕੋਈ ਹੋਰ ਮੁੱਦਾ ਚੁੱਕਿਆ ਕਰੋ । ਇਸ ਤੇ ਮੇਅਰ ਜੀ ਨੇ ਐਸ.ਈ.(ਬੀ ਐਂਡ ਆਰ) ਸ੍ਰੀ ਰਾਹੁਲ ਧਵਨ ਨੂੰ ਜਵਾਬ ਦੇਣ ਲਈ ਕਿਹਾ ਤਾਂ ਉਹਨਾਂ ਦੱਸਿਆ ਕਿ ਮੇਨਟੀਨੈਂਸ ਦੇ ਟੈਂਡਰ ਆ ਗਏ ਹਨ ਅਤੇ ਜਲਦ ਹੀ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ ।

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਤੁਸੀਂ ਵਧਾਈ ਦੇ ਪਾਤਰ ਹੋ, ਕਿਉਂ ਜ਼ੋ ਅੱਜ ਹਾਊਸ ਵਲੋਂ ਬੀ.ਐਮ.ਸੀ. ਚੌਂਕ ਦਾ ਨਾਮ ਸੰਵਿਧਾਨ ਚੌਂਕ ਅਤੇ ਰਾਮਾ ਮੰਡੀ ਚੌਂਕ ਦਾ ਨਾਮ ਅਸਟਰੀਆ ਵਿਯਾਨਾ ਦੀ ਧਰਤੀ ਤੇ ਮਿਤੀ 25.5.2009 ਨੂੰ ਸ਼ਹੀਦ ਹੋਏ 108 ਸੰਤ ਰਾਮਾ ਨੰਦ ਜੀ ਦੇ ਨਾਮ ਤੇ ਰੱਖਿਆ ਹੈ।ਉਹਨਾਂ ਇਹ ਵੀ ਕਿਹਾ ਕਿ ਤੁਸੀਂ ਇਸ ਗੱਲ ਦੇ ਵੀ ਵਧਾਈ ਦੇ ਪਾਤਰ ਹੋ ਕਿ ਪਿਛਲੀ ਸਰਕਾਰ ਦੇ 274 ਕਰੋੜ ਰੁਪਏ ਦੇ ਘਪਲੇ ਵਾਲੇ ਐਲ.ਈ.ਡੀ. ਪ੍ਰੋਜੈਕਟ ਦੀ ਥਾਂ ਤੇ ਸਿਰਫ 44 ਕਰੋੜ ਰੁਪਏ ਦਾ ਪ੍ਰੋਜੈਕਟ ਸ਼ੁਰੂ ਕਰਵਾਇਆ ਹੈ। ਜਿਸ ਨੂੰ ਜਲਦ ਖਤਮ ਕਰਵਾਇਆ ਜਾਵੇ ਕਿਉਂ ਜ਼ੋ ਪੁਰਾਣੀਆਂ ਲਾਈਟਾਂ ਨੂੰ ਮੇਨਟੇਨ ਕਰਨ ਵਾਲੇ ਠੇਕੇਦਾਰ ਕੰਮ ਨਹੀਂ ਕਰ ਰਹੇ।

ਸ੍ਰੀਮਤੀ ਹਰਸ਼ਰਨ ਕੋਰ ਹੈਪੀ, ਕੌਂਸਲਰ ਨੇ ਕਿਹਾ ਕਿ ਤਿੰਨ ਸਾਲਾਂ ਤੋਂ ਬੂਟਾ ਪਿੰਡ ਵਿਖੇ ਪੀਣ ਵਾਲਾ ਪਾਣੀ ਗੰਦਾ ਆ ਰਿਹਾ ਹੈ । ਸੜਕਾਂ ਤੋੜ ਦਿੱਤੀਆਂ ਗਈਆਂ ਹਨ ਅਤੇ ਸੀਵਰੇਜ਼ ਦੀ ਕਾਫੀ ਸੱਮਸਿਆ ਬਣੀ ਰਹਿੰਦੀ ਹੈ। ਜਿਸ ਤੇ ਮੇਅਰ ਜੀ ਨੇ ਕਿਹਾ ਕਿ ਤਾਂਹੀਂ ਤਾਂ ਉਹ ਕਹਿੰਦੇ ਹਨ ਕਿ ਪਹਿਲਾਂ ਪਿਛਲੀਆਂ ਮੀਟਿੰਗਾਂ ਵਿੱਚ ਤੁਹਾਡੇ ਵਲੋਂ ਉਠਾਏ ਜਾਂਦੇ ਸਵਾਲਾਂ ਦੇ ਜਵਾਬ ਲਿਆ ਕਰੋ ਨਾ ਕਿ ਹੋਰ ਸਵਾਲ ਉਠਾਇਆ ਕਰੋ । ਮੈਂ ਚਾਹੁੰਦਾ ਹਾਂ ਕਿ ਹਰੇਕ ਕੌਂਸਲਰ ਪਹਿਲਾਂ ਆਪਣੇ ਲੰਬਿਤ ਸਵਾਲਾਂ ਦੇ ਜਵਾਬ ਲਿਆ ਕਰਨ ਫਿਰ ਕੋਈ ਅਗਲੀ ਗੱਲ ਕਰਿਆ ਕਰਨ ਤਾਂ ਹੀ ਅਜਿਹੀਆਂ ਸ਼ਕਾਇਤਾਂ ਦਾ ਨਿਪਟਾਰਾ ਹੋ ਸਕਦਾ ਹੈ ।ਮੇਅਰ ਜੀ ਨੇ ਐਸ.ਈ. (ਓ ਐਂਡ ਐਮ) ਨੂੰ ਜਵਾਬ ਦੇਣ ਲਈ ਕਿਹਾ ਤਾਂ ਉਹਨਾਂ ਦੱਸਿਆ ਕਿ ਇਥੇ ਕੰਮ ਸ਼ੁਰੂ ਕਰਵਾਇਆ ਗਿਆ ਸੀ ਪਰ ਠੇਕੇਦਾਰ ਨਾਲ ਉਥੋਂ ਦੇ ਲੋਕਾਂ ਨੇ ਕੁੱਟਮਾਰ ਕੀਤੀ ਜਿਸ ਤੇ ਕੌਂਸਲਰ ਨੇ ਕਿਹਾ ਕਿ ਤੁਸੀਂ ਸਾਨੂੰ ਕਿਓਂ ਨਹੀਂ ਦੱਸਿਆ । ਐਸ.ਈ. (ਓ ਐਂਡ ਐਮ) ਨੇ ਕਿਹਾ ਕਿ ਤਿੰਨ ਦਿਨਾਂ ਬਾਅਦ ਕੰਮ ਸ਼ੁਰੂ ਹੋ ਜਾਵੇਗਾ ।

ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਕਿਹਾ ਕਿ ਦੱਸਿਆ ਜਾਵੇ ਕਿ ਸੀਵਰ ਜੈਟਿੰਗ ਮਸ਼ੀਨਾਂ ਕਦੋਂ ਖ਼ਰੀਦ ਕਰਨ ਜਾ ਰਹੇ ਹਾਂ। ਉਹ ਕਮੇਟੀ ਦੀਆਂ ਮੀਟਿੰਗਾਂ ਵਿੱਚ ਵੀ ਕਈ ਵਾਰ ਪੁੱਛ ਚੁੱਕੇ ਹਨ ਕਿ ਸਮਾਰਟ ਸਿਟੀ ਮਿਸ਼ਨ ਤਹਿਤ ਕਿਉਂ ਇਹ ਮਸ਼ੀਨਾਂ ਨਹੀਂ ਖ਼ਰੀਦ ਕੀਤੀਆਂ ਜਾ ਸਕਦੀਆਂ । ਜਿਹੜੇ 11 ਪਿੰਡ ਨਗਰ ਨਿਗਮ ਦੀ ਹਦੂਦ ਅੰਦਰ ਸ਼ਾਮਲ ਹੋਏ ਹਨ, ਉਹਨਾਂ ਪਿੰਡਾਂ ਦੀ ਸੀਵਰ ਸਮੱਸਿਆ ਦੇ ਹਲ ਲਈ ਉਹਨਾਂ ਨੂੰ ਖੁਦ ਜਾਣਾ ਪੈ ਰਿਹਾ ਹੈ । ਜੇਕਰ ਦੂਜੇ ਜ਼ੋਨਾਂ ਤੋਂ ਮਸ਼ੀਨਾਂ ਦੀ ਮੰਗ ਕੀਤੀ ਜਾਂਦੀ ਹੈ ਤਾਂ ਮਸ਼ੀਨਾਂ ਮਿਲਦੀਆਂ ਨਹੀਂ । ਲੋਕਾਂ ਦੀਆਂ ਸ਼ਕਾਇਤਾਂ ਦੂਰ ਨਹੀਂ ਹੋ ਰਹੀਆਂ ।

ਐਸ.ਈ. (ਓ ਐਂਡ ਐਮ) ਨੇ ਜਵਾਬ ਦਿੰਦਿਆਂ ਕਿਹਾ ਕਿ ਲਾਸਟ ਟਾਈਮ ਸਿਰਫ ਦੋ ਟੈਂਡਰ ਹੀ ਆਏ ਸਨ । ਸਮਾਰਟ ਸਿਟੀ ਪ੍ਰੋਜੈਕਟ ਤਹਿਤ ਨਵੀਆਂ ਸੀਵਰ ਜੈਟਿੰਗ ਮਸ਼ੀਨਾਂ ਜਲਦ ਆ ਰਹੀਆਂ ਹਨ ਅਤੇ ਇੱਕ ਮਹੀਨੇ ਦੇ ਅੰਦਰ ਅੰਦਰ ਇਹ ਮਸ਼ੀਨਾਂ ਆ ਜਾਣਗੀਆਂ ।

ਸ੍ਰੀ ਰਵਿੰਦਰ ਕੁਮਾਰ ਜੁਨੇਜਾ, ਕੌਂਸਲਰ ਨੇ ਸਾਬੋਵਾਲ ਵਿਖੇ ਗੰਦੇ ਪਾਣੀ ਦੀ ਸ਼ਿਕਾਇਤ ਦਾ ਮੁੱਦਾ ਉਠਾਇਆ ।ਉਹਨਾਂ ਅੱਗੇ ਕਿਹਾ ਕਿ ਗੜਾ ਵਿਖੇ ਨਗਰ ਨਿਗਮ ਦੀਆਂ ਕੁਝ ਦੁਕਾਨਾਂ ਹਨ ਜਿਹਨਾਂ ਨੂੰ ਅੱਗੇ ਸਬ-ਲੈਟ ਕਰ ਦਿੱਤਾ ਗਿਆ ਹੈ । ਦੱਸਿਆ ਜਾਵੇ ਕਿ ਕਿ ਇੰਝ ਦੁਕਾਨਾਂ ਸਬ-ਲੈਟ ਕੀਤੀਆਂ ਜਾ ਸਕਦੀਆਂ ਹਨ ਜਿਸ ਤੇ ਮੇਅਰ ਜੀ ਨੇ ਸੁਪਰਡੰਟ ਤਹਿਬਜ਼ਾਰੀ ਨੂੰ ਹਦਾਇਤ ਕੀਤੀ ਕਿ ਇਸ ਬਾਰੇ ਕੌਂਸਲਰ ਨੂੰ ਜਵਾਬ ਭੇਜਿਆ ਜਾਵੇ । ਕੌਂਸਲਰ ਵਲੋਂ ਅੱਗੇ ਬੋਲਦਿਆਂ ਕਿਹਾ ਕਿ ਗੜਾ ਵਿਖੇ ਲਗਭਗ ਇੱਕ ਮਹੀਨਾਂ ਪਹਿਲਾਂ ਸ਼ਿਕਾਇਤ ਕੀਤੀ ਸੀ ਕਿ ਕਿਸੇ ਵਿਅੱਕਤੀ ਨੇ ਸੜਕ ਦੇ ਵਿਚਕਾਰ ਪਿੱਲਰ ਲਗਾ ਦਿੱਤੇ ਹਨ ਅਤੇ ਇਸ ਸਬੰਧੀ ਸ੍ਰੀ ਰਾਜਿੰਦਰ ਸ਼ਰਮਾ, ਏ.ਟੀ.ਪੀ. ਨੂੰ ਵੀ ਕਿਹਾ ਸੀ ਪਰ ਕੋਈ ਕਾਰਵਾਈ ਨਹੀਂ ਹੋਈ । ਜਿਸ ਤੇ ਐਮ.ਟੀ.ਪੀ. ਨੇ ਕਿਹਾ ਕਿ ਸਵੇਰੇ ਕਾਰਵਾਈ ਹੋ ਜਾਵੇਗੀ । ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਸੁਭਾਣਾ ਪਿੰਡ ਵਿੱਚ 12 ਏਕੜ ਵਿੱਚ ਨਵੀਂ ਕਲੋਨੀ ਕੱਟੀ ਗਈ ਹੈ । ਜਿਸ ਬਾਰੇ ਐਮ.ਟੀ.ਪੀ. ਨੇ ਕਿਹਾ ਕਿ ਅਗਲੀ ਮੀਟਿੰਗ ਵਿੱਚ ਜਵਾਬ ਦੇ ਦਿੱਤਾ ਜਾਵੇਗਾ ।ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਜਯੋਤੀ ਨਗਰ ਵਿਖੇ ਸ਼ਮਸ਼ਾਨਘਾਟ ਲਾਗੇ ਕੂੜੇ ਦਾ ਡੰਪ ਬਣਿਆ ਹੋਇਆ ਹੈ ਜਿਸ ਕਰਕੇ ਲੋਕਾਂ ਨੂੰ ਸੰਸਕਾਰ ਕਰਨ ਜਾਣ ਵੇਲੇ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ । ਫੇਸ-2 ਦੀਆਂ ਲਾਈਟਾਂ ਤੋਂ ਰੇਲਵੇ ਫਾਟਕ ਤੱਕ ਬਹੁਤ ਸਾਰਾ ਕੂੜਾ ਪਿਆ ਹੈ ਅਤੇ 24 ਘੰਟੇ ਇੱਥੇ ਕੂੜਾ ਸੁੱਟਿਆ ਜਾਂਦਾ ਹੈ । ਇਸ ਥਾਂ ਤੇ ਕੂੜਾ ਸੁੱਟਣ ਅਤੇ ਚੁੱਕਣ ਦਾ ਟਾਈਮ ਟੇਬਲ ਬਣਾਇਆ ਜਾਵੇ ਜਿਸ ਤੇ ਸੰਯੁਕਤ ਕਮਿਸ਼ਨਰ (ਹ) ਨੇ ਕਿਹਾ ਕਿ ਜਲਦ ਵੀ ਕਾਰਵਾਈ ਕੀਤੀ ਜਾਵੇਗੀ ।

ਸ੍ਰੀਮਤੀ ਅੰਜਲੀ ਭਗਤ, ਕੌਂਸਲਰ ਨੇ 81-ਗੋਪਾਲ ਨਗਰ ਵਿਖੇ ਗੰਦੇ ਪਾਣੀ ਦੀ ਸ਼ਿਕਾਇਤ ਦਾ ਹਵਾਲਾ ਦਿੰਦਿਆਂ ਦੱਸਿਆ ਕਿ 15-20 ਦਿਨ ਹੋ ਗਏ ਹਨ ਪਰ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ । ਜਿਸ ਤੇ ਮੇਅਰ ਜੀ ਨੇ ਐਸ.ਈ.(ਓ ਐਂਡ ਐਮ) ਨੂੰ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ।

ਸ੍ਰੀ ਰੋਹਣ ਸਹਿਗਲ, ਕੌਂਸਲਰ ਨੇ ਕਿਹਾ ਕਿ ਸ੍ਰੀ ਮਨਦੀਪ ਸਿੰਘ, ਸੁਪਰਡੰਟ ਬਹੁਤ ਵਧੀਆ ਅਧਿਕਾਰੀ ਹਨ ਅਤੇ ਆਪਣਾ ਕੰਮ ਪੂਰੀ ਮਿਹਨਤ, ਲਗ਼ਨ ਅਤੇ ਇਮਾਨਦਾਰੀ ਨਾਲ ਕਰਦੇ ਹਨ । ਇਹਨਾਂ ਨੂੰ 15 ਅੱਗਸਤ ਜਾਂ 26 ਜਨਵਰੀ ਨੂੰ ਸਨਮਾਨਿਤ ਕੀਤਾ ਜਾਵੇ ਜਿਸ ਤੇ ਸਮੂਹ ਹਾਊਸ ਨੇ ਹਾਮੀ ਭਰੀ ।

ਸ਼੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਕਿਹਾ ਕਿ ਬਹੁਤ ਅੱਛਾ ਸਟੈਪ ਹੈ ਕਿ ਮੇਅਰ ਸਾਹਿਬ ਤੁਸੀਂ ਅਫ਼ਸਰਾਂ ਤੋਂ ਜਵਾਬ ਲੈਂਦੇ ਹੋ । ਪਰ ਮੈਂ ਪਹਿਲਾਂ ਵੀ ਸਵਾਲ ਉਠਾਏ ਸਨ ਕਿ ਮੇਰੇ ਰਿਹਾਇਸ਼ੀ ਇਲਾਕੇ ਵਿਚ ਅਣਆਥੋਰਾਈਜ਼ਡ ਡੰਪ ਬਣਿਆ ਹੋਇਆ ਹੈ । ਜਿਸ ਦੇ ਨਾਲ ਓਪਨ ਜਿਮ ਹੈ । ਕੂੜੇ ਦੇ ਡੰਪ ਤੇ 4-5 ਵਾਰਡਾਂ ਦਾ ਕੂੜਾ ਆਉਂਦਾ ਹੈ । ਪੁਰਾਣਾ ਇਲਾਕਾ ਹੈ । 52 ਮਰਲੇ ਜਗਾਂ

ਤੇ ਕਬਜਾ ਹੈ । 40-50 ਸਾਲ ਪੁਰਾਣਾ ਡੰਪ ਸ਼ਿਫਟ ਕੀਤਾ ਜਾਵੇ। ਉਤੱਮ ਸਿੰਘ ਨਗਰ ਵਿਖੇ ਟਿਊਬਵੈਲ ਨਹੀਂ ਹੈ । ਜਲਦ ਇਸ ਦਾ ਟੈਂਡਰ ਲਗਵਾਇਆ ਜਾਵੇ ।ਉਹਨਾਂ ਇਹ ਵੀ ਕਿਹਾ ਸੀ ਕਿ ਉਹਨਾਂ ਦੇ ਵਾਰਡ ਵਿੱਚ 3-4 ਸਰਕਾਰੀ ਸਕੂਲਾਂ ਦੀ ਹਾਲ੍ਤ ਕਾਫੀ ਮਾੜੀ ਹੈ ਜਿਸ ਨੂੰ ਨਗਰ ਨਿਗਮ ਵਲੋਂ ਠੀਕ ਕਰਵਾਇਆ ਜਾਵੇ । ਭਗਵਾਨ ਵਾਲਮੀਕਿ ਮੰਦਰ, ਬਸਤੀ ਸ਼ੇਖ ਵਿੱਚ ਇੱਕ ਸਕੂਲ ਚਲਦਾ ਹੈ ਉਸ ਸਕੂਲ ਲਈ ਵੀ ਜਗ੍ਹਾ ਦਿੱਤੀ ਜਾਵੇ । 120 ਫੁੱਟੀ ਸੜਕ ਤੇ ਜਿਸ ਤਰ੍ਹਾਂ ਭਗਵਾਨ ਵਾਲਮੀਕਿ ਭਵਨ, ਸ੍ਰੀ ਗੁਰੂ ਰਵੀਦਾਸ ਮੰਦਰ ਲਈ ਜਗ੍ਹਾ ਨਗਰ ਨਿਗਮ ਵਲੋਂ ਦਿੱਤੀ ਗਈ ਹੈ, ਦੇ ਆਧਾਰ ਤੇ ਭਗਤ ਕਬੀਰ ਮੰਦਰ ਜਾਂ ਕੰਮਿਉਨਿਟੀ ਹਾਲ ਲਈ ਵੀ ਭਗਤ ਬਰਾਦਰੀ ਨੂੰ ਜਗ੍ਹਾ ਦਿੱਤੀ ਜਾਵੇ । ਉਹਨਾਂ ਇਹ ਵੀ ਕਿਹਾ ਸੀ ਕਿ ਕਈ ਵਾਰਡਾਂ ਵਿੱਚ ਤਾਂ 10-10 ਰਿਕਸ਼ੇ ਹਨ ਅਤੇ ਕਈ ਵਾਰਡਾਂ ਵਿੱਚ ਇੱਕ ਵੀ ਨਹੀਂ । 13 ਪਾਰਕਾਂ ਹਨ ਜਿਨ੍ਹਾਂ ਦੀ ਹਾਲ੍ਤ ਕਾਫੀ ਮਾੜੀ ਹੈ । ਇਹਨਾਂ ਪਾਰਕਾਂ ਦੀ ਮੁੜ੍ਹ ਰਿਪੇਅਰ ਲਈ ਤਖ਼ਮੀਨਾ ਬਣਾਇਆ ਜਾਵੇ । ਡਾ:ਬੀ.ਆਰ.ਅੰਬੇਦਕਰ ਚੌਂਕ ਵਿਖੇ ਫਰਨੀਚਰ ਮਾਰਕਿਟ ਵਾਲਿਆਂ ਨੇ ਵਰਾਂਡਿਆਂ ਤੇ ਕਬਜੇ ਕਰ ਲਏ ਹਨ । 20-20 ਫੁੱਟ ਦੇ ਕਬਜੇ ਅਤੇ 3-3 ਮੰਜਲਾਂ ਸ਼ੋ-ਰੂਮ ਬਨਾ ਲਏ ਹਨ ਜਿਸ ਕਰਕੇ ਟਰੈਫਿਕ ਦੀ ਬਹੁਤ ਸੱਮਸਿਆ ਹੈ । ਡੰਪ ਨੂੰ ਖ਼ਤਮ ਕਰਕੇ ਉਥੇ 4-5 ਦੁਕਾਨਾ ਬਣਾਈਆਂ ਜਾ ਸਕਦੀਆਂ ਹਨ ਜਿਸ ਨਾਲ ਰੈਵੇਨਿਊ ਆ ਸਕਦਾ ਹੈ ।

ਕਮਿਸ਼ਨਰ ਜੀ ਨੇ ਦੱਸਿਆ ਕਿ ਈ-ਰਿਕਸ਼ਾ ਦੇ ਟੈਂਡਰ ਖੁਲ੍ਹ ਗਏ ਹਨ । 100 ਰਿਕਸ਼ੇ ਖ਼ਰੀਦ ਕਰਨ ਜਾ ਰਹੇ ਹਾਂ ਜਿਹੜੇ ਕਿ ਸਾਰੀਆਂ ਵਾਰਡਾਂ ਵਿੱਚ ਡਿਸਟ੍ਰੀਬਿਊਟ ਕਰ ਦਿੱਤੇ ਜਾਣਗੇ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਨੇ ਕਿ ਸਵਾਲ ਦਾ ਜਵਾਬ ਦਿੱਤਾ ਜਾਵੇ ਕਿ ਜਿਹੜੀਆਂ ਕਲੋਨੀਆਂ ਦੇ ਪੇਪਰ ਹੀ ਪੂਰੇ ਨਹੀਂ ਸਨ ਤਾਂ ਫਿਰ ਅਪਲਾਈ ਕਿਓਂ ਕਰਵਾਇਆ ਗਿਆ । ਕਈ ਕਲੋਨੀਆਂ ਵਸਣ ਤੋਂ ਪਹਿਲਾਂ ਉਹਨਾਂ ਦੇ ਮਕਾਨਾਂ ਦੇ ਨਕਸ਼ੇ ਕਿਸ ਤਰ੍ਹਾਂ ਪਾਸ ਹੋ ਗਏ । 199 ਕਲੋਨੀਆਂ ਵਿੱਚੋਂ ਸਿਰਫ 4 ਪਾਸ ਹੋਈਆਂ ਹਨ । ਮਿੱਠਾਪੁਰ ਵਿਖੇ ਅਰੋੜਾ ਕਲੋਨੀ ਨਵੀਂ ਬਣੀ ਹੈ । ਅੱਗਰਵਾਲ ਢਾਬੇ ਦੀ ਫਾਇਲ ਮੰਗੀ ਗਈ ਜਿਹੜੀ ਕਿ ਨਹੀਂ ਮਿਲੀ । ਸਮਰਾ ਹਾਊਸ ਦੇ ਸਾਹਮਣੇ ਏ.ਜੀ.ਆਈ. ਦੇ 6 -6 ਮੰਜਲਾਂ ਬਿਲਡਿੰਗਾਂ ਬਣ ਰਹੀਆਂ ਹਨ । ਸਰਦਾਨਾ ਕਲਰ ਲੈਬ ਨੇੜੇ ਨਵੀਂ ਬਿਲਡਿੰਗ ਬਣ ਰਹੀ ਹੈ ।

ਕਮਿਸ਼ਨਰ ਜੀ ਨੇ ਦੱਸਿਆ ਕਿ ਹਾਊਸਿੰਗ ਡਿਪਾਰਟਮੈਂਟ ਵਲੋਂ ਪਾਲਿਸੀ ਤਿਆਰ ਕੀਤੀ ਗਈ ਸੀ ਕਿ ਜਸਟ 10% ਫੀਸ ਲੈ ਕੇ ਅਪਲਾਈ ਕਰ ਸਕਦੇ ਹਨ ਅਤੇ ਡਾਕੂਮੈਂਟਸ ਬਾਅਦ ਵਿੱਚ ਲੈ ਲਏ ਜਾਣ । ਪਿਛੇ ਜਿਹੇ ਮੀਟਿੰਗ ਕੀਤੀ ਗਈ ਸੀ ਕਿ ਮਿਨੀਮਮ ਰਿਕਾਇਰਮੈਂਟ ਨਾਲ ਰੈਵੇਨਿਊ ਵੀ ਆਵੇ ਅਤੇ ਸਰਕਾਰ ਦੀਆਂ ਗਾਈਡਲਾਈਨਜ਼ ਦੀ ਵੀ ਪਾਲਣਾ ਹੋ ਸਕੇ । 140 ਕਲੋਨੀਆਂ ਸਬੰਧੀ ਪਬਲਿਕ ਨੋਟਿਸ ਵੀ ਜਾਰੀ ਕੀਤਾ ਗਿਆ ਸੀ ਜਿਸ ਉਪਰੰਤ 8-9 ਕਲੋਨੀਆਂ ਨੇ ਅਪਲਾਈ ਵੀ ਕਰ ਦਿੱਤਾ ਹੈ । ਅਸੀਂ ਰੈਗੁਲਰ ਕਰਨ ਲਈ ਤਿਆਰ ਹਾਂ ਪਰ ਡਾਕੂਮੈਂਟਸ ਪੂਰੇ ਨਾ ਪੇਸ਼ ਕਰਨ ਕਾਰਣ ਦਿੱਕਤਾਂ ਆ ਰਹੀਆਂ ਹਨ । ਅਜਿਹੀਆਂ ਕਲੋਨੀਆਂ ਦੇ ਨਕਸ਼ੇ ਪਾਸ ਕਰਨ ਦੀ ਪਰੋਵਿਜ਼ਨ ਪਾਲਿਸੀ ਵਿੱਚ ਹੈ ।

ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਕਿਹਾ ਕਿ ਅਜਿਹੀਆਂ ਕਲੋਨੀਆਂ ਦੇ ਸੀਵਰ ਕਿਸ ਤਰ੍ਹਾਂ ਜ਼ੋੜੇ ਗਏ ਇਸ ਸਬੰਧੀ ਉਹਨਾਂ ਸਵਾਲ ਪੁੱਛਿਆ ਸੀ ਤਾਂ ਜਵਾਬ ਮਿਲਿਆ ਸੀ ਕਿ ਅਸੀਂ ਚੈਕ ਕਰ ਰਹੇ ਹਾਂ ।

ਕਮਿਸ਼ਨਰ ਜੀ ਨੇ ਦੱਸਿਆ ਕਿ ਇਸ ਸਬੰਧੀ ਪਹਿਲਾਂ ਹੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਅਜਿਹੀਆਂ ਕਲੋਨੀਆਂ ਦੇ ਸੀਵਰੇ ਕੁਨੈਕਸ਼ਨ ਨਾ ਜੋੜੇ ਜਾਣ ਅਤੇ ਜੇਕਰ ਜ਼ੋੜੇ ਹੋਏ ਹਨ ਤਾਂ ਡਿਸਕੁਨੈਕਟ ਕਰ ਦਿੱਤੇ ਜਾਣ ।

ਸ੍ਰੀ ਮਨਮੋਹਣ ਸਿੰਘ, ਕੌਂਸਲਰ ਨੇ ਕਿਹਾ ਕਿ ਮੇਅਰ ਜੀ ਤੁਸੀਂ ਵਧਾਈ ਦੇ ਪਾਤਰ ਹੋ ਕਿ ਅੱਛੀ ਕੁਆਲਟੀ ਦੀਆਂ ਸੜਕਾਂ ਬਣ ਰਹੀਆਂ ਹਨ ਜਿਵੇਂ ਕਿ ਗੁਰੂ ਨਾਨਕ ਪੁਰਾ ਫਾਟਕ ਤੋਂ ਲਾਡੋਵਾਲੀ ਟੀ-ਪੁਆਇੰਟ ਤੱਕ ਬਣੀ ਸੜਕ ਕਾਬਿਲੇ ਤਾਰੀਫ ਹੈ । ਏਅਰਪੋਰਟ ਦੇ ਰਨਵੇ ਵਾਂਗ ਸੜਕਾਂ ਬਣ ਰਹੀਆਂ ਹਨ । ਸੜਕਾਂ ਟੁੱਟਣ ਦਾ ਕਾਰਣ ਇਹੋ ਹੈ ਕਿ ਰੋਡ ਗਲੀਆਂ ਜਾਂ ਤਾਂ ਬਨਾਈਆਂ ਨਹੀਂ ਜਾਂਦੀਆਂ ਅਤੇ ਜੇਕਰ ਬਣਾਈਆਂ ਜਾਂਦੀਆਂ ਹਨ ਤਾਂ ਉਹਨਾਂ ਦੀ ਸਾਫ-ਸਫਾਈ ਨਹੀਂ ਕਰਵਾਈ ਜਾਂਦੀ ਜਿਸ ਕਰਕੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਣ ਸੜਕਾਂ ਜਲਦ ਟੁੱਟ ਜਾਂਦੀਆਂ ਹਨ । ਉਹ ਮੰਗ ਕਰਦੇ ਹਨ ਕਿ ਜਿਹੜੇ ਓ ਐਂਡ ਐਮ ਦੇ ਵਾਰਡ ਵਾਈਜ਼ 3.50-3.50 ਲੱਖ ਦੇ ਮੇਨਟੀਨੈਂਸ ਦੇ ਕੰਮ ਹਨ ਉਹਨਾਂ ਵਿੱਚ ਇਹਨਾਂ ਰੋਡ ਗਲੀਆਂ ਦੀ ਸਫਾਈ ਲਈ ਵੀ ਫੰਡ ਰੱਖ ਲਏ ਜਾਣ ਤਾਂ ਜ਼ੋ ਕੌਂਸਲਰ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਰੋਡ ਗਲੀਆਂ ਸਾਫ ਕਰਵਾ ਸਕਣ ।ਸ੍ਰੀਮਤੀ ਡੌਲੀ ਸੈਣੀ, ਕੌਂਸਲਰ ਨੇ ਇਸ ਗੱਲ ਦਾ ਸਮਰਥਨ ਕੀਤਾ ।

ਸ੍ਰੀਮਤੀ ਉਮਾ ਬੇਰੀ, ਕੌਂਸਲਰ ਨੇ ਮੰਗ ਕੀਤੀ ਕਿ ਹਰ ਵਾਰਡ ਵਿੱਚ ਸੁਪਰ ਸਕਸ਼ਨ ਮਸ਼ੀਨਾਂ ਲਗਵਾਕੇ ਗਰਮੀਆਂ ਤੋਂ ਪਹਿਲਾਂ ਪਹਿਲਾਂ ਸਫਾਈ ਕਰਵਾਈ ਜਾਵੇ ।

ਸ੍ਰੀ ਬਚਨ ਲਾਲ, ਕੌਂਸਲਰ ਨੇ ਮੰਗ ਕੀਤੀ ਕਿ ਵਾਰਡ ਨੰ: 33, 34, 35 ਅਤੇ 36 ਦੀਆਂ ਤੰਗ ਗਲੀਆਂ ਹਨ ਅਤੇ ਇਥੇ 24"×36" ਦਾ ਸੀਵਰ ਹੈ ਇਸ ਲਈ ਇਸ ਸੀਵਰ ਦੀ ਸਫਾਈ ਲਈ ਛੋਟੀਆਂ ਮਸ਼ੀਨਾਂ ਦੀ ਖ਼ਰੀਦ ਕਰ ਲਈ ਜਾਵੇ ।ਉਹਨਾਂ ਇਹ ਮੰਗ ਵੀ ਕੀਤੀ ਕਿ ਕੌਂਸਲਰਾਂ ਨੂੰ ਮਿਲਣ ਵਾਲਾ ਮਹੀਨਾਵਾਰ ਭੱਤਾ ਵਧਾ ਕੇ 25,000/- ਰੁਪਏ ਕੀਤਾ ਜਾਵੇ ।

ਸ੍ਰੀ ਪ੍ਰਭਦਿਆਲ, ਕੌਂਸਲਰ ਨੇ ਕਿਹਾ ਗੜਾ ਡਿਸਪੈਂਸਰੀ ਦੇ ਨਾਲ ਨਗਰ ਨਿਗਮ ਦੀਆਂ ਦੁਕਾਨਾਂ ਦਾ ਕੀ ਸਟੇਟਸ ਹੈ, ਦੱਸਿਆ ਜਾਵੇ । ਉਹਨਾਂ ਕਿਹਾ ਕਿ ਉਹਨਾਂ ਵਲੋਂ ਸਰਕਾਰੀ ਮਿਡਲ ਸਕੂਲ ਦੀ ਇਲੀਗਲ ਬਿਲਡਿੰਗ ਢਹਾਉਣ ਵਾਸਤੇ ਕਿਹਾ ਸੀ ਪਰ ਕੋਈ ਕਾਰਵਾਈ ਨਹੀਂ ਹੋਈ ਸਗੋਂ ਹੁਣ ਲੋਕਾਂ ਵਲੋਂ ਉਥੇ ਮੀਟ-ਮੁਰਗਿਆਂ ਦੇ ਅਵਸ਼ੇਸ਼ ਸੁੱਟ ਕੇ ਗੰਦ ਪਾਇਆ ਜਾ ਰਿਹਾ ਹੈ ।ਜਿਸ ਤੇ ਸੁਪਰਡੰਟ ਤਹਿਬਜ਼ਾਰੀ ਨੇ ਕਿਹਾ ਕਿ ਅਗਲੇ ਹਫ਼ਤੇ ਕਾਰਵਾਈ ਕਰਵਾ ਦਿੱਤੀ ਜਾਵੇਗੀ। ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਗੜਾ ਸ਼ਮਸ਼ਾਨਘਾਟ ਪਾਸ ਡੰਪ ਕਲੀਅਰ ਨਹੀਂ ਹੋ ਰਿਹਾ ਜਿਸ ਤੇ ਸੰਯੁਕਤ ਕਮਿਸ਼ਨਰ (ਹ) ਨੇ ਕਿਹਾ ਕਿ ਇਸ ਥਾਂ ਤੋਂ ਕਾਫੀ ਕੂੜਾ ਚੁੱਕਵਾਇਆ ਗਿਆ ਸੀ ਪਰ ਲੋਕ ਫਿਰ ਸੁੱਟ ਦਿੰਦੇ ਹਨ । ਜਲਦ ਇਸ ਨੂੰ ਖਾਲੀ ਕਰਵਾ ਦਿੱਤਾ ਜਾਵੇਗਾ ।

ਸ੍ਰੀ ਲਖਵੀਰ ਸਿੰਘ ਬਾਜਵਾ, ਕੌਂਸਲਰ ਨੇ ਕਿਹਾ ਕਿ 120 ਫੁੱਟੀ ਰੋਡ ਤੋਂ ਗੰਦਾ ਨਾਲਾ ਕਪੂਰਥਲਾ ਤੱਕ ਪਿਛਲੇ ਸਾਲ ਕਿਰਾਏ ਤੇ ਲਾਈਟਾਂ ਲਗਵਾਈਆਂ ਗਈਆਂ ਸਨ ਅਤੇ ਹੁਣ ਐਲ.ਈ.ਡੀ. ਪ੍ਰੋਜੈਕਟ ਸ਼ੁਰੂ ਹੋ ਚੁੱਕਾ ਹੈ ਅਤੇ ਜਲਦ ਇਸ ਥਾਂ ਤੇ ਲਾਈਟਾਂ ਲਗਵਾਈਆਂ ਜਾਣ ।ਉਹਨਾਂ ਇਹ ਵੀ ਕਿਹਾ ਕਿ ਰਾਜਨ ਨਗਰ ਦੀਆਂ 15-20 ਗਲੀਆਂ ਵਿੱਚ ਸੀਵਰੇਜ਼ ਦਾ ਗੰਦਾ ਪਾਣੀ ਆ ਰਿਹਾ ਹੈ ।ਇੱਥੇ ਸੜਕਾਂ ਬਣ ਰਹੀਆਂ ਹਨ ਪ੍ਰੰਤੂ ਪਾਣੀ ਡਾਊਨ ਨਾ ਹੋਣ ਕਾਰਣ ਰੋਡ ਗਲੀਆਂ ਬਨਾਉਣ ਵਿੱਚ ਮੁਸ਼ਕਿਲ ਆ ਰਹੀ ਹੈ । ਇਸ ਤੇ ਐਸ.ਈ. (ਓ ਐਂਡ ਐਮ) ਨੇ ਦੱਸਿਆ ਕਿ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਇਸ ਸੜਕ ਤੇ ਜਲਦ ਐਲ.ਈ.ਡੀ. ਲਾਈਟਾਂ ਲਗਵਾ ਦਿੱਤੀਆਂ ਜਾਣਗੀਆਂ । ਜਿੱਥੋਂ ਤੱਕ ਸੀਵਰੇਜ਼ ਦੇ ਪਾਣੀ ਦੀ ਸੱਮਸਿਆ ਹੈ, ਉਹਨਾਂ ਦੱਸਿਆ ਕਿ ਬਸਤੀ ਪੀਰਦਾਦ ਵਿਖੇ ਨਵਾਂ 15

ਐਮ.ਐਲ.ਡੀ. ਦਾ ਐਸ.ਟੀ.ਪੀ. ਜਦ ਤੱਕ ਤਿਆਰ ਨਹੀਂ ਹੁੰਦਾ ਤੱਦ ਤੱਕ ਇਸ ਐਸ.ਟੀ.ਪੀ. ਵਿਖੇ ਬਿਨਾ ਟਰੀਟ ਕੀਤੇ ਪਾਣੀ ਨੂੰ ਸੁੱਟਣ ਲਈ ਦੋਬਾਰਾ ਐਨ.ਜੀ.ਟੀ. ਤੋਂ ਮੰਜ਼ੂਰੀ ਲਈ ਗਈ ਹੈ ।

ਕਮਿਸ਼ਨਰ ਜੀ ਨੇ ਕਿਹਾ ਕਿ ਲਗਭਗ ਮਹੀਨਾ ਪਹਿਲਾਂ ਇਸ ਐਸ.ਟੀ.ਪੀ. ਵਿਖੇ ਪਾਣੀ ਸੁੱਟਣ ਲਈ ਦੋਬਾਰਾ ਪਰਮਿਸ਼ਨ ਲਈ ਗਈ ਹੈ । ਉਹਨਾਂ ਇਹ ਵੀ ਦੱਸਿਆ ਕਿ ਪ੍ਰਤੀ ਵਿਅੱਕਤੀ ਰੋਜ਼ਾਨਾ 170 ਲੀਟਰ ਪਾਣੀ ਦੇਣ ਦੇ ਨਾਰਮਜ਼ ਹਨ ਜਦ ਕਿ ਅਸੀਂ 370 ਲੀਟਰ ਪ੍ਰਤੀ ਵਿਅੱਕਤੀ ਰੋਜ਼ਾਨਾ ਪਾਣੀ ਦੇ ਰਹੇ ਹਾਂ ਜਿਸ ਨਾਲ ਜਿਥੇ ਪਾਣੀ ਦੀ 35 ਤੋਂ 40% ਦੀ ਬਰਬਾਦੀ ਹੋ ਰਹੀ ਹੈ ਉਥੇ ਸੀਵਰੇਜ਼ ਸਿਸਟਮ ਤੇ ਵੀ ਦਬਾਓ ਪੈਂਦਾ ਹੈ । ਸਾਨੂੰ ਲੋਕਾਂ ਨੂੰ ਜਾਗਰੁਕ ਕਰਨਾ ਚਾਹੀਦਾ ਹੈ ਕਿ ਪਾਣੀ ਦੀ ਘੱਟੋ-ਘੱਟ ਵਰਤੋਂ ਕਰਨ । ਫੋਲੜੀਵਾਲ ਵਿਖੇ ਨਵਾਂ ਐਸ.ਟੀ.ਪੀ. ਦਾ ਕੰਮ ਸੁਰੂ ਹੋ ਚੁੱਕਾ ਹੈ । ਬਸਤੀ ਪੀਰਦਾਦ ਵਿਖੇ 15 ਐਮ.ਐਲ.ਡੀ. ਦਾ ਐਸ.ਟੀ.ਪੀ. ਲਗਾਉਣ ਲਈ ਡੀ.ਪੀ.ਆਰ. ਮੰਜ਼ੂਰ ਹੋ ਗਈ ਹੈ ਅਤੇ ਜਲਦ ਟੈਂਡਰ ਲਗਾਏ ਜਾ ਰਹੇ ਹਨ ।

ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਨੇ ਕਿਹਾ ਕਿ ਸਾਰੇ ਅਫ਼ਸਰ ਅੱਛਾ ਕੰਮ ਕਰ ਰਹੇ ਹਨ ਪਰ ਸਾਨੂੰ ਸਫਾਈ ਸੇਵਕ, ਬੇਲਦਾਰ ਦੀ ਭਰਤੀ ਅਤੇ ਬੀ ਐਂਡ ਆਰ ਵਾਸਤੇ ਮਸ਼ੀਨਰੀ ਖ਼ਰੀਦ ਕਰਨ ਬਾਰੇ ਵੀ ਸੋਚਣਾ ਚਾਹੀਦਾ ਹੈ।

ਸ੍ਰੀ ਜਗਦੀਸ਼ ਰਾਮ, ਕੌਂਸਲਰ ਨੇ ਕਿਹਾ ਕਿ ਯੂ.ਆਈ.ਡੀ. ਪਲੇਟਾਂ ਦਾ ਕੰਮ ਸਮਾਰਟ ਸਿਟੀ ਪ੍ਰੋਜੈਕਟ ਤੋਂ ਕਰਵਾ ਲੈਣਾ ਚਾਹੀਦਾ ਹੈ ਅਤੇ ਲੋਕਾਂ ਦੇ ਘਰਾਂ ਵਿੱਚ ਪਾਣੀ ਦੇ ਮੀਟਰ ਵੀ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਲਗਵਾ ਲੈਣੇ ਚਾਹੀਦੇ ਹਨ ।ਉਹਨਾਂ ਇਹ ਵੀ ਕਿਹਾ ਕਿ ਤਹਿਸੀਲ ਦਫ਼ਤਰ ਵਿਖੇ ਨਗਰ ਨਿਗਮ ਪਾਸੋਂ ਬਿਨਾਂ ਐਨ.ਓ.ਸੀ. ਲਏ ਪਲਾਟਾਂ/ਮਕਾਨਾਂ ਜਾਂ ਦੁਕਾਨਾਂ ਦੀਆਂ ਰਜਿਸਟਰੀਆਂ 15 ਤੋਂ 25 ਹਜ਼ਾਰ ਰੁਪਏ ਲੈ ਕੇ ਕੀਤੀਆਂ ਜਾ ਰਹੀਆਂ ਹਨ ਜ਼ੋ ਕਿ ਬਹੁਤ ਵੱਡਾ ਘਪਲਾ ਹੈ ਅਤੇ ਆਮ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ । ਜਿਸ ਤੇ ਕਮਿਸ਼ਨਰ ਜੀ ਨੇ ਦੱਸਿਆ ਕਿ ਉਹ ਪਹਿਲਾਂ ਹੀ ਇਸ ਸਬੰਧੀ ਡਿਪਟੀ ਕਮਿਸ਼ਨਰ, ਜਲੰਧਰ ਨੂੰ ਪੱਤਰ ਲਿਖ ਚੁੱਕੇ ਹਨ ।

ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਇੰਨੇ ਚੰਗੇ ਢੰਗ ਨਾਲ ਸੜਕਾਂ ਬਣ ਰਹੀਆਂ ਹਨ ਜਿਸ ਲਈ ਸਾਰੇ ਅਧਿਕਾਰੀ ਵੀ ਵਧਾਈ ਦੇ ਪਾਤਰ ਹਨ ਪਰ ਇਹਨਾਂ ਸੜਕਾਂ ਦੀ ਸਾਂਭ-ਸੰਭਾਲ ਲਈ ਬੇਲਦਾਰਾਂ ਦੀ ਬਹੁਤ ਲੋੜ੍ਹ ਹੈ । ਸਾਲ 1992 ਤੋਂ ਬਾਅਦ ਕੋਈ ਭਰਤੀ ਨਹੀਂ ਹੋਈ ਹੈ । ਅਸੀਂ ਹਰ ਸਾਲ 125 ਤੋਂ 140 ਕਰੋੜ ਰੁਪਏ ਖ਼ਰਚ ਕਰਕੇ ਸੜਕਾਂ ਬਨਵਾਉਂਦੇ ਹਾਂ ਅਤੇ ਹਰ ਤਿੰਨ-ਚਾਰ ਸਾਲਾਂ ਬਾਅਦ ਰੋਡ ਗਲੀਆਂ ਦੀ ਸਫਾਈ ਨਾ ਹੋਣ ਕਰਕੇ ਅਤੇ ਸਮੇਂ ਸਿਰ ਪੈਚ ਵਰਕ ਨਾ ਹੋਣ ਕਰਕੇ ਇਹ ਸੜਕਾਂ ਟੁੱਟ ਜਾਂਦੀਆਂ ਹਨ। ਹਰੇਕ ਜ਼ੋਨ ਵਿੱਚ ਘੱਟੋ ਘੱਟ 10 ਬੇਲਦਾਰ ਅਤੇ ਇੱਕ ਵਰਕ ਮਿਸਤਰੀ ਹੋਣਾ ਚਾਹੀਦਾ ਹੈ ਤਾਂ ਜ਼ੋ ਛੋਟੇ-ਮੋਟੇ ਕੰਮ ਕੌਂਸਲਰ ਖੁਦ ਕਰਵਾ ਸਕਣ । 100 ਬੇਲਦਾਰਾਂ ਦੀ ਭਰਤੀ ਕੀਤੀ ਜਾਵੇ । ਮਸ਼ੀਨਰੀ ਕੰਡਮ ਹੋ ਚੁੱਕੀ ਹੈ । ਛੋਟੇ ਟਰੈਕਟਰ ਟਰਾਲੀਆਂ ਲੈਣੇ ਚਾਹੀਦੇ ਹਨ ਜ਼ੋ ਤੰਗ ਗਲੀਆਂ ਤੱਕ ਵੀ ਮੇਨਟੀਨੈਂਸ ਦਾ ਸਮਾਨ ਪਹੁੰਚਾ ਸਕਣ ।ਇਸੇ ਤਰ੍ਹਾਂ ਬਾਗਬਾਨੀ ਦੀ ਵੀ ਸਾਰੀ ਮਸ਼ੀਨਰੀ ਲਗਭਗ ਦੋ ਕਰੋੜ ਰੁਪਏ ਵਿੱਚ ਆ ਸਕਦੀ ਹੈ । ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਨੇ ਕਿਹਾ ਕਿ ਇਹ ਕੰਮ ਮੁਫਤ ਵਿਚ ਕਰਨ ਲਈ ਕਈ ਵਿਅਕਤੀ ਤਿਆਰ ਹਨ।

ਕਮਿਸ਼ਨਰ ਜੀ ਨੇ ਦੱਸਿਆ ਕਿ ਸਮਾਰਟ ਸਿਟੀ ਦੇ ਹੁਣ ਤੱਕ 102 ਕਰੋੜ ਰੁਪਏ ਆਏ ਹਨ ਅਤੇ ਮਾਰਚ, 2021 ਤੱਕ ਲਗਭਗ 225 ਕਰੋੜ ਰੁਪਏ ਦੀ ਅਦਾਇਗੀ ਕਰਨੀ ਹੈ । 31.3.2021 ਤੱਕ ਲਈ ਅਸੀਂ 550 ਕਰੋੜ ਰੁਪਏ ਦੀ ਡਿਮਾਂਡ ਰੇਜ਼ ਕਰਾਂਗੇ । 24×7 ਦਿਨਾਂ ਲਈ ਸਰਫੇਸ ਵਾਟਰ ਪ੍ਰੋਜੈਕਟ, 120 ਫੁੱਟੀ ਰੋਡ ਤੇ ਸਟਾਰਮ ਸੀਵਰ ਪ੍ਰੋਜੈਕਟ, ਐਲ.ਈ.ਡੀ. ਲਾਈਟਾਂ ਦਾ ਪ੍ਰੋਜੈਕਟ, ਰੋਡ ਸਵੀਪਿੰਗ ਮਸ਼ੀਨਾਂ ਆਦਿ ਕਈ ਕੰਮ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਚਲ ਰਹੇ ਹਨ । ਅਸੀਂ ਦੋਵੇਂ ਐਸ.ਈਜ਼ ਨਾਲ ਬੈਠ ਕੇ ਜਿਹੜੀ ਜਿਹੜੀ ਮਸ਼ੀਨਰੀ ਦੀ ਲੋੜ੍ਹ ਹੋਵੇਗੀ ਜਿਵੇਂ ਕਿ ਟਿੱਪਰ, ਜੇ.ਸੀ.ਬੀ., ਸੀਵਰ ਜੈਟਿੰਗ ਮਸ਼ੀਨਾਂ ਲੈਣ ਬਾਰੇ ਵਿਚਾਰ ਕਰ ਲਵਾਂਗੇ । ਅਸੀਂ 4 ਸੁਪਰ ਸਕਸ਼ਨ ਮਸ਼ੀਨਾਂ ਵੀ ਲੈ ਰਹੇ ਹਾਂ ਤਾਂ ਜ਼ੋ ਜਿਹੜੀਆਂ ਮਸ਼ੀਨਾਂ ਤੇ ਅਸੀਂ ਕਿਰਾਏ ਦੇ ਰੂਪ ਵਿੱਚ ਕਰੋੜਾਂ ਰੁਪਏ ਖ਼ਰਚ ਕਰ ਰਹੇ ਹਾਂ ਉਸ ਦੀ ਥਾਂ ਤੇ ਆਪਣੀ ਮਸ਼ੀਨਰੀ ਹੋਵੇ । ਉਹਨਾਂ ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਨੂੰ ਕਿਹਾ ਕਿ ਤੁਸੀਂ ਬੀ.ਐਂਡ ਆਰ ਕਮੇਟੀ ਦੇ ਰਾਹੀਂ ਆਪਣੀਆਂ ਸਿਫਾਰਸ਼ਾਂ ਭੇਜ਼ ਦਿਓ ।

ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਨੇ ਕਿਹਾ ਕਿ ਭਾਰਗੋ ਕੈਂਪ ਵਿਖੇ ਇੱਕ ਪਾਣੀ ਦੀ ਟੈਂਕੀ ਖ਼ਰਾਬ ਹੈ। ਉਥੇ ਟਿਊਬਵੈਲ ਤਾਂ ਲੱਗ ਗਿਆ ਹੈ ਪਰ ਪੁਰਾਣੀਆਂ ਪਾਈਪਾਂ ਹੋਣ ਕਾਰਣ ਜਦ ਲੋਕ ਮੋਟਰਾਂ ਚਲਾ ਲੈਂਦੇ ਹਨ ਤਾਂ ਪਾਣੀ ਗੰਦਾ ਆਉਂਦਾ ਹੈ । ਜੇਕਰ ਇਹ ਟੈਂਕੀ ਠੀਕ ਹੋ ਜਾਵੇ ਤਾਂ ਗੰਦੇ ਪਾਣੀ ਦੀ ਸੱਮਸਿਆ ਦੂਰ ਹੋ ਸਕਦੀ ਹੈ ।ਉਹਨਾਂ ਇਹ ਵੀ ਕਿਹਾ ਕਿ ਜਿਹੜੀਆਂ ਟਾਈਲਾਂ ਵਾਲੀਆਂ ਸੜਕਾਂ ਪੁੱਟ ਕੇ ਦੋਬਾਰਾ ਬਨਾਈਆਂ ਜਾਂਦੀਆਂ ਹਨ ਅਤੇ ਉਹ ਟਾਈਲਾਂ ਕਾਫੀ ਚੰਗੀ ਹਾਲ੍ਹਤ ਵਿੱਚ ਵੀ ਹੁੰਦੀਆਂ ਹਨ, ਉਹ ਕਿਥੇ ਜਾਂਦੀਆਂ ਹਨ । ਅਜਿਹੀਆਂ ਟਾਈਲਾਂ ਨੂੰ ਕਿਧਰੇ ਹੋਰ ਪਾਸੇ ਵਰਤਿਆ ਜਾ ਸਕਦਾ ਹੈ ਜਿਵੇਂ ਕਿ ਸ੍ਰੀ ਓਮਕਾਰ ਰਾਜੀਵ ਟਿੱਕਾ ਜੀ ਨੇ ਸਕੂਲਾਂ ਦੀ ਮਾੜੀ ਹਾਲ੍ਹਤ ਬਾਰੇ ਜ਼ਿਕਰ ਕੀਤਾ ਹੈ, ਇਹ ਟਾਈਲਾਂ ਅਜਿਹੇ ਸਕੂਲਾਂ ਦੀ ਮੇਨਟੀਨੈਂਸ ਤੇ ਲਗਾਈਆਂ ਜਾ ਸਕਦੀਆਂ ਹਨ । ਜਿਸ ਤੇ ਮੇਅਰ ਜੀ ਨੇ ਐਸ.ਈ. (ਬੀ ਐਂਡ ਆਰ) ਨੂੰ ਲੋੜੀਂਦੀ ਕਾਰਵਾਈ ਕਰਨ ਲਈ ਹਦਾਇਤ ਕੀਤੀ ।

ਅੰਤ ਵਿੱਚ ਧੰਨਵਾਦ ਨਾਲ ਮੀਟਿੰਗ ਖ਼ਤਮ ਕੀਤੀ ਗਈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
01.12.2020

ਮਤਾ ਨੰ:-43
ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 6.11.2020 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 6.11.2020 ਨੂੰ "ਰੀਜੈਂਟ ਪਾਰਕ, ਗੁਜਰਾਲ ਨਗਰ, ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਅਤੇ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੀ ਅਪਲੋਡ ਕੀਤੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
1.12.2020

ਮਤਾ ਨੰ:-44
ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 17.11.2020 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 17.11.2020 ਨੂੰ " ਰੈਡ ਕਰਾਸ ਭਵਨ, ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਅਤੇ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੀ ਅਪਲੋਡ ਕੀਤੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
1.12.2020

ਮਤਾ ਨੰ:-45

ਵਿਸ਼ਾ:- ਸਾਲ 2020-21 ਵਾਸਤੇ ਰਿਕਸ਼ਾ/ਟਾਂਗਾ ਸ਼ਾਖਾ ਲਈ ਨਵੀਆਂ ਨੰਬਰਿੰਗ ਪਾਸਿੰਗ ਪਲੇਟਾਂ ਦੀ ਖਰੀਦ ਕਰਨ ਬਾਰੇ।

ਪੜ੍ਹਿਆ ਨੋਟ ਸੁਪਰਡੰਟ ਸਟੋਰ ਮਿਤੀ 4.3.2020 ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਵ) ਨੇ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਵੱਲੋ ਰਿਕਸ਼ਾ/ਟਾਂਗਾ ਦਾ ਬਜਟ ਰੁਪਏ 5 ਲੱਖ ਸਾਲ 2020-21 ਲਈ ਰੱਖਿਆ ਗਿਆ ਹੈ। ਇਸ ਲਈ ਬਜਟ ਦੇ ਟੀਚੇ ਨੂੰ ਪੂਰਾ ਕਰਨ ਲਈ ਹੇਠ ਲਿਖਿਆ ਨਵੀਆਂ ਪਾਸਿੰਗ ਨੰਬਰਿੰਗ ਪਲੇਟਾਂ ਬਣਾਉਣ ਦੀ ਲੋੜ ਹੈ :-

ਪਲੇਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1.	ਰਿਕਸ਼ਾ	6000
2.	ਬੀ ਐਚ ਸੀ	4000
3.	ਆਰ ਸੀ	2000
4.	ਐਲ ਸੀ	100
5.	ਟਾਂਗਾ	20
		12120

ਉਪਰੋਕਤ ਅਨੁਸਾਰ ਕੁੱਲ ਨਵੀਆਂ 12120 ਰੁਪਏ ਪਲੇਟਾਂ ਦੀ ਖਰੀਦ ਕਰਨ ਤੇ ਅੰਦਾਜਨ ਖਰਚ 6/- ਪ੍ਰਤੀ ਦੇ ਹਿਸਾਬ ਨਾਲ ਰੁ: 73000/- ਆਵੇਗਾ। ਜਿਸ ਤੋਂ ਨਗਰ ਨਿਗਮ ਨੂੰ ਰੁਪਏ 8,00,000/- ਤੋਂ 10,00,000/- ਆਮਦਨ ਹੋਵੇਗੀ। ਪਲੇਟਾਂ ਦਾ ਸਾਈਜ 6''×4'' ਹੋਵੇਗਾ ਅਤੇ ਪਲੇਟਾਂ ਦਾ ਗਰਾਉਂਡ ਰੰਗ ਪੀਲਾ ਅਤੇ ਉਪਰ ਅੱਖਰ ਕਾਲੇ ਰੰਗ ਨਾਲ ਲਿਖੇ ਹੋਣਗੇ।ਇਥੇ ਆਪ ਜੀ ਨੂੰ ਇਹ ਵੀ ਦੱਸਿਆ ਜਾਂਦਾ ਹੈ ਕਿ ਸਾਲ 2019-20 ਵਿੱਚ ਨਕਦ ਪਲੇਟਾਂ ਲੈ ਕੇ ਦੇ ਦਿੱਤੀਆਂ ਗਈਆਂ ਹਨ।ਇਸ ਲਈ ਯੋਗ ਹੋਵੇਗਾ ਕਿ ਇਹ ਨਵਾਂ ਤਖਮੀਨਾ ਸਾਲ 2020-21 ਵਿੱਚ ਤਬਦੀਲ ਕਰਨ ਲਈ ਨਗਰ ਨਿਗਮ ਹਾਊਸ ਤੋਂ ਇਸ ਤਖਮੀਨੇ ਦੀ ਪ੍ਰਵਾਨਗੀ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 6.3.2020 ਰਾਹੀਂ ਤਖਮੀਨੇ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 9.3.2020 ਰਾਹੀਂ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 46

ਵਿਸ਼ਾ: ਯੂਨੀਅਨ ਦੇ ਨੁਮਾਇੰਦਿਆਂ ਨਾਲ ਹੋਈ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਤੇ ਕਾਰਵਾਈ ਕਰਨ ਸਬੰਧੀ। (ਡਰਾਈਵਰਾਂ ਦਾ ਬੀਮਾ ਕਰਵਾਉਣ ਬਾਰੇ)

ਪੜ੍ਹਿਆ ਨੋਟ ਸਿਹਤ ਸ਼ਾਖਾ ਜਿਸ ਨਾਲ ਸੰਯੁਕਤ ਕਮਿਸ਼ਨਰ (ਐਚ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਲੜੀ ਨੰ: 11 ਅਨੁਸਾਰ ਸਿਹਤ ਸ਼ਾਖਾ ਵਿੱਚ ਕੰਮ ਕਰ ਰਹੇ 24 ਡਰਾਈਵਰਾਂ ਦੀ ਲਿਸਟ ਜਿਹੜੀ ਕਿ ਹੇਠ ਅਨੁਸਾਰ ਹੈ, ਮੁਤਾਬਕ ਡਰਾਈਵਰਾਂ ਦਾ ਬੀਮਾ ਕਰਵਾਉਣ ਲਈ ਪ੍ਰਵਾਨਗੀ ਨਗਰ ਨਿਗਮ ਹਾਊਸ ਪਾਸੋਂ ਲੋੜੀਂਦੀ ਹੈ । ਕਮਿਸ਼ਨਰ ਜੀ ਨੇ ਮਿਤੀ 12.8.2020 ਨੂੰ ਲਿਖਿਆ ਹੈ ਕਿ ਕੀ ਇਹ ਕਰਮਚਾਰੀ ਰੈਗੁਲਰ ਹਨ । ਜਿਸ ਸਬੰਧੀ ਏ.ਐਚ.ਓ. ਨੇ ਮਿਤੀ 17.9.2020 ਰਾਹੀਂ ਲਿਖਿਆ ਹੈ ਕਿ ਸੇਵਾ ਰਿਕਾਰਡ ਅਨੁਸਾਰ ਲਿਸਟ ਵਿੱਚ ਲੜੀ ਨੰ: 1 ਤੋਂ 24 ਤੱਕ ਦਰਸਾਏ ਗਏ ਕਰਮਚਾਰੀ ਪੱਕੇ ਡਰਾਈਵਰ ਹਨ ਅਤੇ ਰੈਗੁਲਰ ਹਨ। ਲੜੀ ਨੰ: 19 ਤੇ ਦਰਸਾਏ ਗਏ ਕਰਮਚਾਰੀ ਦੀ ਸੇਵਾਮੁਕਤੀ ਮਿਤੀ 30.9.2020 ਹੈ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 17.9.2020 ਰਾਹੀਂ ਲੜੀ ਨੰ: 19 ਦੇ ਕਰਮਚਾਰੀ ਜਿਹੜਾ ਕਿ ਮਿਤੀ 30.9.2020 ਨੂੰ ਸੇਵਾਮੁਕਤ ਹੋ ਰਿਹਾ ਹੈ, ਨੂੰ ਛੱਡ ਕੇ ਬਾਕੀ ਰੈਗੁਲਰ ਕਰਮਚਾਰੀਆਂ ਦਾ ਬੀਮਾ ਕਰਵਾਉਣ ਲਈ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 23.9.2020 ਰਾਹੀਂ ਲਿਖਿਆ ਹੈ ਕਿ Expenditure can be calculated after following procedure. First of all we have to decide about the insurance for this category as submitted above. Expenditure to be incurred will be submitted later on.

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.9.2020 ਰਾਹੀਂ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਅਤੇ ਫੈਸਲੇ ਹਿਤ ਪੇਸ਼ ਹੈ :

ਡਰਾਈਵਰਾਂ ਦੀ ਸੂਚੀ

Sr. No.	NAME	DESIGNATION
1.	ASHWANI KUMAR S/O BHAGWAN DASS	DRIVER
2.	RAJINDER SUNNY S/O TALIB	DRIVER
3.	AJAY KUMAR S/O JAGAN NATH	DRIVER
4.	NIRMAL SINGH S/O DAYAL SINGH	DRIVER
5.	RAJAT KUMAR S/O PAWAN KUMAR	DRIVER
6.	RAHUL S/O SUBHASH	DRIVER
7.	RAVINDER KUMAR S/O SHANTI LAL	T.W. Driver
8.	VIPAN KUMAR S/O PREM PAL	T.W. Driver
9.	ARUN KUMAR S/O KISHORI LAL	T.W. Driver
10.	KAMALJIT S/O RAM LUBHIYA	T.W. Driver
11.	HARIVANSH SIDHU S/O KUNDAN LAL	T.W. Driver
12.	SUMIT KUMAR S/O SANT RAM	T.W. Driver
13.	DEVA NAND S/O RAUNKI RAM	T.W. Driver
14.	RAJESH KUMAR S/O KISHAN LAL	T.W. Driver
15.	RAJU S/O SURINDER PAL	T.W. Driver
16.	YASH PAL S/O AMAR NATH	T.W. Driver
17.	ASHOK KUMAR S/O BALDEV RAJ	T.W. Driver
18.	NATHU RAM S/O BUTTA RAM	T.W. Driver
19.	ROSHAN LAL S/O SANT RAM **(TO BE RETD. ON 30.9.2020)**	T.W. Driver
20.	SATPAL S/O KARAM CHAND	T.W. Driver
21.	RAJ KUMAR S/O DALIP KUMAR	T.W. Driver
22.	ANOOP KUMAR S/O KARAM CHAND	T.W. Driver
23.	DARSHAN LAL S/O KARAM CHAND	T.W. Driver
24.	HEERA LAL S/O OM PARKASH	T.W. Driver

ਫੈਸਲਾ:

ਪ੍ਰਵਾਨ ਹੈ।ਇਹ ਵੀ ਫੈਸਲਾ ਹੋਇਆ ਕਿ ਨਗਰ ਨਿਗਮ ਦੇ ਬਾਕੀ ਰੈਗੁਲਰ ਡਰਾਈਵਰਾਂ ਦਾ ਬੀਮਾ ਕਰਵਾਉਣ ਦੀ ਵੀ ਮੰਜ਼ੂਰੀ ਦਿੱਤੀ ਜਾਂਦੀ ਹੈ ਅਤੇ ਸਰਕਾਰ ਪਾਸੋਂ ਇਸ ਦੀ ਮੰਜ਼ੂਰੀ ਲਈ ਜਾਵੇ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 47

ਵਿਸ਼ਾ:- ਸਾਲ 2020-21 ਲਈ ਸਟੇਸ਼ਨਰੀ ਦੀ ਖਰੀਦ ਕਰਨ ਬਾਰੇ।

ਪੜ੍ਹਿਆ ਨੋਟ ਸੁਪਰਡੰਟ ਸਟੋਰ ਜਿਸ ਨਾਲ ਸੰਯੁਕਤ ਕਮਿਸ਼ਨਰ (ਐਸ) ਨੇ ਸਿਫਾਰਸ਼ ਕੀਤੀ ਹੈ ਕਿ ਜਨਰਲ ਸਟੋਰ ਵਲੋਂ ਇਕ ਸਲਾਨਾ ਤਖਮੀਨਾਂ ਸਾਲ 2019-20 ਲਈ ਤਿਆਰ ਕੀਤਾ ਗਿਆ ਸੀ। ਜਿਸ ਦੀ ਸਪਲਾਈ ਸਟੋਰ ਜਨਰਲ ਵਿਚ ਆਉਣ ਉਪਰੰਤ ਵੱਖ-ਵੱਖ ਸ਼ਾਖਾਵਾਂ ਦੀ ਮੰਗ ਅਨੁਸਾਰ ਸਮਾਨ ਜਾਰੀ ਕੀਤਾ ਜਾਂਦਾ ਹੈ। ਕਾਫੀ ਸਾਰਾ ਸਮਾਨ ਸਟੋਰ ਵਿਚ ਖਤਮ ਹੋ ਚੁੱਕਿਆ ਹੈ, ਕਿਉਂ ਕਿ ਦਫਤਰੀ ਕੰਮ ਨੂੰ ਚਲਾਉਣ ਲਈ ਛੋਟੇ-ਛੋਟੇ ਤਖਮੀਨੇ ਨਾ ਬਣਾਉਣੇ ਪੈਣ, ਇਸ ਲਈ ਸਾਲ 2020-21 ਦਾ ਸਲਾਨਾ ਤਖਮੀਨਾ ਸਮਾਨ ਖਰੀਦਣ ਲਈ ਤਿਆਰ ਕੀਤਾ ਗਿਆ ।ਉਕਤ ਸਮਾਨ ਦੀ ਖਰੀਦ ਕਰਨ ਲਈ ਕੁਟੇਸ਼ਣ ਮੰਗਵਾਈ ਗਈ।ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰਬਰ	ਸਮਾਨ ਦਾ ਨਾਮ	ਗਿਣਤੀ	ਰੇਟ	ਜੀ.ਐਸ.ਟੀ.	ਕੁੱਲ ਰੁਪਏ
1	File Cover (Superior as per Sample)	5000 No.	4.00	18%	23600.00
2	A-4 PAPER (JK Red 75 GSM)	800 Pkt	190.00	12%	170240.00
3	Legal Paper (JK Red)	100 Pkt	225.00	12%	25200.00
4	Attendence Register (Ledger Paper 100 Sheet)	100 No.	60.00	18%	7080.00
5	Dispatch Register (8 Dasta Orient Paper)	60 Ps.	225.00	18%	15930.00
6	Receipt Register (8 Dasta Orient Paper)	60 Ps.	225.00	18%	15930.00
7	Pilot Pen V-5 (Blue, Green, Red, Black)	200 Ps.	50.00	18%	11800.00
8	Envelope 9"x4" Printed (Taj Mahal)	2000 No.	1.00	18%	2360.00
9	Flapper 4" (As Per Sample)	500 No.	3.00	18%	1770.00
10	Gum Paste 150ML (Kores)	150 No.	30.00	18%	5310.00
11	Gum Paste Big Bottle (Kores)	10No.	45.00	18%	531.00
12	Register I Quire (Orient Paper 60 GSM)	250 No.	40.00	18%	11800.00
13	Register II Quire (Orient Paper 60 GSM)	250 No.	40.00	18%	11800.00
14	Slip Pad Big (100 Page as per sample)	150 No.	15.00	18%	2655.00
15	Slip Pad Small (100 Page as per sample)	150 No.	13.00	18%	2301.00
16	Steel Paper Pin (Sarvo or Grace)	200 Pkt.	12.00	18%	2832.00
17	Stappler (Kangaroo)	40 Ps.	20.00	18%	944.00
18	Stappler Pin Small (Kangarroo) 10 No.	20 Pkt.	95.00	18%	2242.00
19	Tag Small	1000 Ps.	0.50	18%	590.00
20	ECR Salary Register	35 Ps.	310.00	18%	12803.00
21	Stock Register	80 Ps	240.00	18%	22656.00
22	Log Books	250 Ps	130.00	18%	38350.00
23	G-13	10000 Nos	0.60	18%	7080.00
	TOTAL				**395804.00**

ਜਨਰਲ ਸਟੋਰ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਲਗਭਗ ਰੁ: 3,95,804/- ਦਾ ਤਖਮੀਨਾ ਤਿਆਰ ਕੀਤਾ ਗਿਆ ਹੈ।ਜਿਸ ਦੇ ਈ ਟੈਡਰਿੰਗ ਰਾਂਹੀ ਟੈਂਡਰ ਲਗਾਏ ਜਾਣਗੇ। ਉਕਤ ਕੰਮ ਅਤਿ ਜ਼ਰੂਰੀ ਅਤੇ ਲੋੜੀਂਦਾ ਹੈ । ਕਰੋਨਾ ਮਹਾਂਮਾਰੀ ਕਾਰਣ ਹਾਊਸ ਦੀ ਮੀਟਿੰਗ ਹਾਲੇ ਹੋਣ ਦੀ ਸੰਭਾਵਨਾ ਨਹੀਂ ਹੈ । ਇਸ ਲਈ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 28.9.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਮਿਤੀ 29.9.2020 ਰਾਹੀਂ ਇਸ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਪ੍ਰਵਾਨਗੀ ਦਿੱਤੀ ਹੈ ।

ਤਖ਼ਮੀਨਾ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 48

ਵਿਸ਼ਾ :- ਨਗਰ ਨਿਗਮ, ਜਲੰਧਰ ਵਿੱਚ ਕੰਮ ਕਰ ਰਹੇ ਦਰਜਾ-4 ਕਰਮਚਾਰੀਆਂ ਨੂੰ ਦਰਜਾ-3 ਵਿੱਚ ਬਤੋਰ ਕਲੱਰਕ ਪਦਉੱਨਤ ਕਰਨ ਸਬੰਧੀ ਮਿਤੀ : 06.10.2020 ਨੂੰ ਹੋਈ ਮੀਟਿੰਗ ਦੀ ਕਾਰਵਾਈ।

ਪੜ੍ਹਿਆ ਦਫਤਰੀ ਨੋਟ ਅਮਲਾ ਕਲਰੱਕ ਮਿਤੀ 2.9.2020 ਜਿਸ ਦੀ ਸ਼ਿਫਾਰਸ ਅਮਲਾ ਸੁਪਰਡੰਟ ਨੇ ਕੀਤੀ ਹੈ ਕਿ ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 28.8.2019 ਰਾਹੀਂ ਨਗਰ ਨਿਗਮ ਜਲੰਧਰ ਦੇ ਕਰਮਚਾਰੀਆਂ ਦੇ ਪੱਦ ਉਨਤੀ ਕੇਸਾਂ ਵਿਚ ਹੇਠ ਲਿਖੇ ਅਨੁਸਾਰ ਸਬ-ਕਮੇਟੀ ਦਾ ਗਠਨ ਕੀਤਾ ਹੈ:-

1. ਸ੍ਰੀ ਗੁਰਵਿੰਦਰ ਰੰਧਾਵਾ, ਸੰਯੁਕਤ ਕਮਿਸ਼ਨਰ, ਚੇਅਰਪਰਸ਼ਨ
2. ਸ੍ਰੀ ਗੁਰਚੈਨ ਸਿੰਘ, ਕਾਰਜਕਾਰੀ ਇੰਜੀਨੀਅਰ, ਓ.ਐਂਡ ਐਮ. ਮੈਂਬਰ
3. ਸ੍ਰੀ ਵੀ.ਕੇ.ਕਪੂਰ, ਉਪ ਸੰਚਾਲਕ (ਵਿੱਤ ਅਤੇ ਲੇਖਾ), ਮੈਂਬਰ
4. ਸ੍ਰੀ ਅਸ਼ਵਨੀ ਕੁਮਾਰ, ਲੀਗਲ ਸਹਾਇਕ, ਮੈਂਬਰ

ਨਗਰ ਨਿਗਮ, ਜਲੰਧਰ ਵਿੱਚ ਕੰਮ ਕਰ ਰਹੇ ਦਰਜਾ-4 ਕਰਮਚਾਰੀਆਂ ਨੂੰ ਬਤੋਰ ਕਲਰਕ ਪਦਉੱਨਤ ਕਰਨ ਹਿੱਤ ਸਬ-ਕਮੇਟੀ ਦੀ ਮੀਟਿੰਗ ਮਿਤੀ : 06.10.2020 ਨੂੰ ਮਾਨਯੋਗ ਸੰਯੁਕਤ ਕਮਿਸ਼ਨਰ (ਆਰ) ਜੀ ਦੀ ਪ੍ਰਧਾਨਗੀ ਵਿੱਚ ਹੋਈ।

ਸਬ-ਕਮੇਟੀ ਦੀ ਮੀਟਿੰਗ ਮਿਤੀ : 26.06.2020 ਵਿੱਚ ਕਮੇਟੀ ਵੱਲੋ ਫੈਸਲਾ ਕੀਤਾ ਗਿਆ ਸੀ ਕਿ ਸ਼੍ਰੀ ਨਵੀਨ ਕੁਮਾਰ, ਸੇਵਾਦਾਰ ਦਾ ਦਸਵੀਂ ਦਾ ਸਰਟੀਫੀਕੇਟ ਸਿੱਖਿਆ ਵਿਭਾਗ ਤੋ ਵੈਰੀਫਾਈ ਕਰਵਾਇਆ ਜਾਵੇ, ਜਿਸ ਸਬੰਧੀ ਅਮਲਾ ਸੁਪਰਡੰਟ ਵੱਲੋ ਸਬ-ਕਮੇਟੀ ਨੂੰ ਸੂਚਿਤ ਕੀਤਾ ਗਿਆ ਕਿ ਸ਼੍ਰੀ ਨਵੀਨ ਕੁਮਾਰ, ਸੇਵਾਦਰ ਦਾ ਦੱਸਵੀਂ ਦਾ ਸਰਟੀਫੀਕੇਟ ਵੈਰੀਫਾਈ ਕਰਵਾਉਣ ਹਿੱਤ ਦਫ਼ਤਰ ਵੱਲੋ ਰਜਿਸਟਰਾਰ, ਵਿਦਿਆ ਭਵਨ, ਫੇਸ-8 ਸਾਹਿਬਜਾਦਾ ਅਜੀਤ ਸਿੰਘ ਨਗਰ, ਮੋਹਾਲੀ ਨੂੰ ਦਫ਼ਤਰੀ ਪੱਤਰ ਨੰ: 1434/ਜੇ.ਸੀ. (ਆਰ). ਮਿਤੀ : 09.07.2020 ਰਾਹੀ ਲਿਖਿਆ ਗਿਆ ਸੀ, ਜਿਸ ਸਬੰਧੀ ਵੈਰੀਫੀਕੇਸ਼ਨ ਬਰਾਂਚ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਆਪਣੇ ਪੱਤਰ ਨੰ: 1141 ਮਿਤੀ : 09.07.2020 ਰਾਹੀ ਤਸਦੀਕ ਕੀਤਾ ਗਿਆ ਹੈ ਕਿ ਆਪ ਜੀ ਵੱਲੋ ਭੇਜੇ ਗਏ ਅਸਲ ਸਰਟੀਫੀਕੇਟ/ਨੰਬਰ ਕਾਰਡ ਦੇ ਵੇਰਵੇ ਸਾਡੇ ਦਰਫ਼ਤੀ ਰਿਕਾਰਡ ਅਨੁਸਾਰ ਸਹੀ/ਦਰੁਸਤ ਹਨ। ਇਸ ਤੋਂ ਇਲਾਵਾ ਸਬ-ਕਮੇਟੀ ਵੱਲੋਂ ਸਬੰਧਤ ਕਰਮਚਾਰੀਆਂ ਦੇ ਦਸਤਾਵੇਜ਼ਾ ਦੀ ਘੋਖ ਕਰਨ ਉਪਰੰਤ ਸਬ-ਕਮੇਟੀ ਵੱਲੋ ਪਾਇਆ ਗਿਆ ਕਿ ਮੌਜੂਦਾ ਸਮੇਂ ਇਨ੍ਹਾਂ ਕਰਮਚਾਰੀਆਂ ਵਿਰੁੱਧ ਕੋਈ ਵਿਭਾਗੀ/ਚੋਕਸੀ ਜਾਂਚ ਲੰਬਿਤ ਨਹੀਂ ਹੈ ਅਤੇ ਕਰਮਚਾਰੀਆਂ ਦੇ ਪਿੱਛਲੇ 5 ਸਾਲਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਵਿੱਚ ਕੋਈ ਗਲਤ ਅੰਦਰਾਜ਼ ਨਹੀਂ ਹੈ।

ਸਬ-ਕਮੇਟੀ ਦੀ ਮੀਟਿੰਗ ਮਿਤੀ : 26.06.2020 ਵਿੱਚ ਕੀਤੇ ਗਏ ਫੈਸਲੇ ਅਨੁਸਾਰ ਇਹਨਾਂ ਕਰਮਚਾਰੀਆਂ ਦੀਆਂ ਵਿੱਦਿਅਕ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ :-

ਲੜੀ ਨੰ:	ਕਰਮਚਾਰੀ ਦਾ ਨਾਮ	ਅਹੁੱਦਾ	ਵਿੱਦਿਅਕ ਯੋਗਤਾ	ਨਿਯੁਕਤੀ ਦੀ ਮਿਤੀ :	ਪੰਜਾਬੀ ਅਤੇ ਅੰਗਰੇਜ਼ੀ ਦਾ ਟਾਇਪ ਟੈਸਟ ਪਾਸ ਕਰਨ ਦੀ ਮਿਤੀ	ਵਿਭਾਗੀ/ਚੌਕਸੀ ਜਾਂਚ	ਕਰਮਚਾਰੀ ਦੀ ਕੈਟਾਗਿਰੀ
1	ਸ਼੍ਰੀ ਦਲਜੀਤ ਕੁਮਾਰ	ਸੇਵਾਦਾਰ	ਦੱਸਵੀਂ ਸਮੇਤ ਪੰਜਾਬੀ ਵਿਸ਼ਾ	17.08.1995	ਪੰਜਾਬੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ: 03.03.2020ਅੰਗਰੇਜ਼ੀ ਦਾ ਟਾਇਪ ਟੈਸਟ ਪਾਸ ਕਰਨ ਦੀ ਮਿਤੀ : 01.08.2019	ਸੇਵਾਪੱਤਰੀ ਅਨੁਸਾਰ ਇਸ ਕਰਮਚਾਰੀ ਦੀ ਕੋਈ ਵੀ ਵਿਭਾਗੀ/ ਚੌਂਕਸੀ ਜਾਂਚ ਲੰਬਿਤ ਨਹੀਂ ਹੈ।	ਬੀ.ਸੀ.
2	ਸ਼੍ਰੀ ਨਵੀਨ ਕੁਮਾਰ	ਸੇਵਾਦਾਰ	ਦੱਸਵੀ ਸਮੇਤ ਪੰਜਾਬੀ ਵਿਸ਼ਾ	04.10.2002	ਪੰਜਾਬੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ: 03.03.2020 ਅੰਗਰੇਜ਼ੀ ਦਾ ਟਾਇਪ ਟੈਸਟ ਪਾਸ ਕਰਨ ਦੀ ਮਿਤੀ : 01.08.2019	ਸੇਵਾਪੱਤਰੀ ਅਨੁਸਾਰ ਇਸ ਕਰਮਚਾਰੀ ਦੀ ਕੋਈ ਵੀ ਵਿਭਾਗੀ/ ਚੌਂਕਸੀ ਜਾਂਚ ਲੰਬਿਤ ਨਹੀਂ ਹੈ।	ਐਸ.ਸੀ.
3	ਸ਼੍ਰੀ ਵਿਕਾਸ ਸ਼ਰਮਾਂ	ਸੇਵਾਦਾਰ	ਦੱਸਵੀ ਸਮੇਤ ਪੰਜਾਬੀ ਵਿਸ਼ਾ	26.04.2006	ਪੰਜਾਬੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ: 07.08.2019 ਅੰਗਰੇਜ਼ੀ ਦਾ ਟਾਇਪ ਟੈਸਟ ਪਾਸ ਕਰਨ ਦੀ ਮਿਤੀ : 01.08.2019	ਸੇਵਾਪੱਤਰੀ ਅਨੁਸਾਰ ਇਸ ਕਰਮਚਾਰੀ ਦੀ ਕੋਈ ਵੀ ਵਿਭਾਗੀ/ ਚੌਂਕਸੀ ਜਾਂਚ ਲੰਬਿਤ ਨਹੀਂ ਹੈ।	ਜਨਰਲ
4	ਸ਼੍ਰੀ ਸੰਨੀ ਕਟਾਰੀਆਂ	ਸੇਵਾਦਾਰ	ਦੱਸਵੀਂ ਸਮੇਤ ਪੰਜਾਬੀ	28.04.2006	ਪੰਜਾਬੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ : 01.08.2019 ਅੰਗਰੇਜ਼ੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ : 03.03.2020	ਸੇਵਾਪੱਤਰੀ ਅਨੁਸਾਰ ਇਸ ਕਰਮਚਾਰੀ ਦੀ ਕੋਈ ਵੀ ਵਿਭਾਗੀ/ ਚੌਂਕਸੀ ਜਾਂਚ ਲੰਬਿਤ ਨਹੀਂ ਹੈ।	ਐਸ.ਸੀ.

5	ਸ਼੍ਰੀ ਰਾਕੇਸ਼ ਕੁਮਾਰ	ਸੀਵਰਮੈਨ	10+2 ਅਤੇ ਦੱਸਵੀਂ ਸਮੇਤ ਪੰਜਾਬੀ ਵਿਸ਼ਾਂ	21.12.2011	ਪੰਜਾਬੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ : 03.03.2020 ਅੰਗਰੇਜ਼ੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ : 03.03.2020	ਸੇਵਾਪੱਤਰੀ ਅਨੁਸਾਰ ਇਸ ਕਰਮਚਾਰੀ ਦੀ ਕੋਈ ਵੀ ਵਿਭਾਗੀ/ ਚੌਕਸੀ ਜਾਂਚ ਲੰਬਿਤ ਨਹੀਂ ਹੈ।	ਜਨਰਲ
6	ਸ਼੍ਰੀ ਹੁਮਨ ਕੁਮਾਰ	ਸੇਵਾਦਾਰ	ਬੀ.ਏ. ਦੱਸਵੀ ਸਮੇਤ ਪੰਜਾਬੀ ਵਿਸ਼ਾ	27.01.2015	ਪੰਜਾਬੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ : 03.03.2020 ਅੰਗਰੇਜ਼ੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ : 03.03.2020	ਸੇਵਾਪੱਤਰੀ ਅਨੁਸਾਰ ਇਸ ਕਰਮਚਾਰੀ ਦੀ ਕੋਈ ਵੀ ਵਿਭਾਗੀ/ ਚੌਕਸੀ ਜਾਂਚ ਲੰਬਿਤ ਨਹੀਂ ਹੈ।	ਐਸ.ਸੀ.
7	ਸ਼੍ਰੀ ਕਰਮਵੀਰ	ਸੇਵਾਦਾਰ	ਦੱਸਵੀ ਸਮੇਤ ਪੰਜਾਬੀ ਵਿਸ਼ਾ	15.09.2015	ਪੰਜਾਬੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ : 01.08.2019 ਅੰਗਰੇਜ਼ੀ ਟਾਈਪ ਟੈਸਟ ਪਾਸ ਕਰਨ ਦੀ ਮਿਤੀ : 03.03.2020	ਸੇਵਾਪੱਤਰੀ ਅਨੁਸਾਰ ਇਸ ਕਰਮਚਾਰੀ ਦੀ ਕੋਈ ਵੀ ਵਿਭਾਗੀ/ ਚੌਕਸੀ ਜਾਂਚ ਲੰਬਿਤ ਨਹੀਂ ਹੈ।	ਐਸ.ਸੀ.

ਕਿਉ ਜ਼ੋ ਮਿਤੀ : 27.08.2020 ਦੀ ਮੀਟਿੰਗ ਵਿੱਚ ਇਸ ਕਮੇਟੀ ਦੇ ਮੈਂਬਰ ਲੀਗਲ ਸਹਾਇਕ ਛੁੱਟੀ ਤੇ ਸਨ, ਇਸ ਲਈ ਅੱਜ ਮਿਤੀ : 06.10.2020 ਦੀ ਮੀਟਿੰਗ ਵਿੱਚ ਇਸ ਮਿਸਲ ਨਾਲ ਸਬੰਧਤ ਲੀਗਲ ਨੁਕਤਿਆ ਤੇ ਵਿਚਾਰ ਕੀਤਾ ਗਿਆ। ਲੀਗਲ ਸਹਾਇਕ ਵੱਲੋ ਇਹ ਨੁਕਤਾ ਦਰਸਾਇਆ ਗਿਆ ਕਿ ਸ਼੍ਰੀ ਕਰਮਵੀਰ, ਸੇਵਾਦਾਰ ਜਿਸਦੀ ਨਿਯੁਕਤੀ ਦੀ ਮਿਤੀ : 15.09.2015 ਹੈ, ਇਸ ਕਰਮਚਾਰੀ ਵੱਲੋ ਪੰਜਾਬੀ ਟਾਈਪ ਟੈਸਟ ਮਿਤੀ : 01.08.2019 ਨੂੰ ਪਾਸ ਕੀਤਾ ਗਿਆ ਹੈ, ਪਰ ਟਾਈਪ ਟੈਸਟ ਪਾਸ ਕਰਨ ਵਾਲੀ ਮਿਤੀ ਨੂੰ ਇਹ ਕਰਮਚਾਰੀ ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਬਤੌਰ ਕਲਰਕ ਪਦਉੱਨਤੀ ਹਿੱਤ ਨਿਰਧਾਰਿਤ ਤਜ਼ਰਬਾ ਪੂਰਾ ਨਹੀਂ ਕਰਦਾ ਸੀ। ਇਸ ਲਈ ਕਰਮਵੀਰ ਸੇਵਾਦਾਰ ਨੂੰ ਪਦਉੱਨਤ ਕਰਨ ਤੋਂ ਪਹਿਲਾਂ ਇਸ ਦਾ ਪੰਜਾਬੀ ਟੈਸਟ ਦੁਬਾਰਾ ਲਿਆ ਜਾਣਾ ਬਣਦਾ ਹੈ। ਵਿਚਾਰ ਵਟਾਂਦਰਾ ਕਰਨ ਉਪਰੰਤ ਸਬ-ਕਮੇਟੀ ਵੱਲੋ ਫੈਸਲਾ ਲਿਆ ਗਿਆ ਕਿ ਉਪਰੋਕਤ ਕਰਮਚਾਰੀ ਸਿਵਾਏ ਲੜੀ ਨੰ: 7 ਸ਼੍ਰੀ ਕਰਮਵੀਰ, ਸੇਵਾਦਾਰ ਦੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦਰਜਾ-4 ਤੋਂ ਦਰਜਾ-3 (ਬਤੌਰ ਕਲਰਕ) ਦੀ ਪਦਉੱਨਤੀ ਹਿੱਤ ਸਾਰੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ। ਇਸ ਲਈ ਰੋਸਟਰ ਪੁਆਇੰਟ ਅਤੇ ਤਰੱਕੀ ਤਹਿਤ ਆਸਾਮੀਆਂ ਦੇ ਵਿਰੁੱਧ ਲੜੀ ਨੰ: 1 ਤੋਂ 6 ਤੱਕ ਦੇ ਕਰਮਚਾਰੀਆ ਨੂੰ ਬਤੌਰ ਕਲੱਰਕ ਪਦਉੱਨਤ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਸਹੀ/-
ਗੁਰਵਿੰਦਰ ਰੰਧਾਵਾ
ਸੰਯੁਕਤ ਕਮਿਸ਼ਨਰ, ਚੇਅਰਪਰਸਨ

ਸਹੀ/-
ਸੰਦੀਪ ਕੁਮਾਰ
ਉਪ-ਸੰਚਾਲਕ (ਵਿੱਤ ਅਤੇ ਲੇਖਾ), ਮੈਂਬਰ

ਸਹੀ/-
ਗੁਰਚੈਨ ਸਿੰਘ
ਕਾਰਜਕਾਰੀ ਇੰਜੀਨਅਰ, ਓ.ਐਂਡ.ਐਮ

ਸਹੀ/-
ਅਸ਼ਵਨੀ ਕੁਮਾਰ
ਲੀਗਲ ਸਹਾਇਕ, ਮੈਂਬਰ

ਕਮਿਸ਼ਨਰ ਜੀ ਨੇ ਮਿਤੀ 13.10.2020 ਰਾਹੀਂ ਲਿਖਿਆ ਹੈ ਕਿ ਕਿਉਂਜੋ ਲੜੀ ਨੰ: 7 ਦਾ ਉਮੀਦਵਾਰ ਤਰੱਕੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਉਹ ਮੈਟ੍ਰਿਕ ਪਾਸ ਹੈ ਅਤੇ ਉਸ ਨੇ ਟਾਈਪ ਟੈਸਟ ਵੀ ਪਾਸ ਕੀਤਾ ਹੋਇਆ ਹੈ ਇਸ ਲਈ ਉਸ ਨੂੰ ਵੀ ਬਾਕੀ ਉਮੀਦਵਾਰਾਂ ਦੇ ਨਾਲ ਪੱਦਉਨਤ ਕੀਤਾ ਜਾਣਾ ਬਣਦਾ ਹੈ। ਇਸ ਦੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ। ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 13.10.2020 ਰਾਹੀਂ ਉਪਰੋਕਤ ਸਿ਼ਫਾਰਸ਼ ਨੂੰ ਮੁੱਖ ਰੱਖਦੇ ਹੋਏ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 49

ਵਿਸ਼ਾ:- ਸ਼੍ਰੀ ਜਗਰੂਪ ਸਿੰਘ, ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) ਸਟਰੀਟ ਲਾਈਟ ਸ਼ਾਖਾ ਨੂੰ ਇੱਕ ਸਾਲ ਲਈ ਕੰਟਰੈਕਟ ਤੇ ਰੱਖਣ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 11.9.2020 ਕਿ ਉਪਰਕੋਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼੍ਰੀ ਜਗਰੂਪ ਸਿੰਘ, ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) ਸਟਰੀਟ ਲਾਈਟ ਸ਼ਾਖਾ ਵਿੱਚ ਇਸ ਸਮੇਂ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ GSR21/Const./Art 309 Amd.(9)/2020 ਮਿਤੀ 02-03-2020 ਅਨੁਸਾਰ ਮਿਤੀ 01-03-2020 ਤੋਂ 30-09-2020 ਤੱਕ Extension ਤੇ ਹਨ ਅਤੇ ਇਸ ਤਰ੍ਹਾਂ ਇਹ ਕਰਮਚਾਰੀ ਮਿਤੀ 30-09-2020 ਨੂੰ ਆਪਣੀ ਡਿਊਟੀ ਤੋਂ ਸੇਵਾ ਮੁਕਤ ਹੋ ਜਾਵੇਗਾ।

ਜਲੰਧਰ ਸ਼ਹਿਰ ਵਿੱਚ Smart City Project ਦੇ ਤਹਿਤ ਪੁਰਾਣੀਆਂ ਸੋਡੀਅਮ ਲਾਈਟਾਂ ਦੀ ਥਾਂ ਤੇ ਨਵੀਆਂ ਐਲ.ਈ.ਡੀ ਸਟਰੀਟ ਲਾਈਟਾਂ ਲਗਾਉਣਾ ਦਾ ਕੰਮ ਸ਼ੁਰੂ ਹੋ ਰਿਹਾ ਹੈ, ਜਿਸ ਨੂੰ ਸਮੇਂ ਸਿਰ ਨੇਪਰੇ ਚੜਾਉਣ ਵਾਸਤੇ ਸਟਰੀਟ ਲਾਈਟ ਸ਼ਾਖਾ ਵਿੱਚ ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) ਦੀ ਬਹੁਤ ਲੋੜ ਹੈ। ਇਸ ਸਮੇਂ ਸਟਰੀਟ ਲਾਈਟ ਸ਼ਾਖਾ ਵਿੱਚ ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) ਦੀਆਂ ਕੁੱਲ 5 ਆਸਾਮੀਆਂ ਹਨ, ਜਿਨ੍ਹਾਂ ਵਿਚੋਂ ਸਿਰਫ 3 ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) ਹੀ ਸਾਰੇ ਸ਼ਹਿਰ ਦੀ ਸਟਰੀਟ ਲਾਈਟ ਦਾ ਕੰਮ ਵੇਖ ਰਹੇ ਹਨ ਅਤੇ ਸ਼੍ਰੀ ਜਗਰੂਪ ਸਿੰਘ, ਜੂਨੀਅਰ ਇੰਜੀਨੀਅਰ ਦੀ ਸੇਵਾ ਮੁਕਤੀ ਉਪਰੰਤ ਨਗਰ ਨਿਗਮ ਜਲੰਧਰ ਦੀ ਸਟਰੀਟ ਲਾਈਟ ਸ਼ਾਖਾ ਵਿੱਚ ਕੇਵਲ 2 ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) ਹੀ ਰਹਿ ਜਾਣਗੇ, ਜਿਸ ਨਾਲ Smart City Project ਦੇ ਤਹਿਤ ਐਲ.ਈ.ਡੀ ਸਟਰੀਟ ਲਾਈਟ ਪ੍ਰੋਜੈਕਟ ਨੂੰ ਸਮੇਂ ਸਿਰ ਮੁੰਕਮਲ ਕਰਨ ਵਿੱਚ ਕਾਫੀ ਮੁਸ਼ਕਿਲ ਪੇਸ਼ ਆਵੇਗੀ ਕਿਉਂ ਕਿ ਸ਼੍ਰੀ ਜਗਰੂਪ ਸਿੰਘ, ਜੂਨੀਅਰ ਇੰਜੀਨੀਅਰ ਨੂੰ Smart City Project ਦੇ ਤਹਿਤ ਐਲ.ਈ.ਡੀ ਸਟਰੀਟ ਲਾਈਟ ਪ੍ਰੋਜੈਕਟ ਦਾ ਕੰਮ ਵੀ ਸੋਪਿਆਂ ਗਿਆ ਹੈ ਅਤੇ ਇਸ ਕਰਮਚਾਰੀ ਵਲੋਂ ਜਲੰਧਰ ਵੈਸਟ ਅਤੇ ਜਲੰਧਰ ਕੈਂਟ ਹਲਕੇ ਵਿੱਚ ਸਟਰੀਟ ਲਾਈਟਾਂ ਦੇ ਰੱਖ-ਰਖਾਵ ਦਾ ਕੰਮ ਵੀ ਵੇਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਇਸ ਕਰਮਚਾਰੀ ਨੂੰ ਸਰਕਾਰੀ ਸਕੀਮਾਂ ਨੂੰ ਟੇਕ ਓਵਰ ਕਰਨ ਦਾ ਵਾਧੂ ਭਾਰ ਵੀ ਦਿੱਤਾ ਹੋਇਆ ਹੈ।

ਨਿਗਰਾਨ ਇੰਜੀਨੀਅਰ ਜੀ ਦੇ ਸੁਝਾਓ ਅਨੁਸਾਰ ਸ਼੍ਰੀ ਜਗਰੂਪ ਸਿੰਘ, ਜੂਨੀਅਰ ਇੰਜੀਨੀਅਰ ਦੀ ਰਾਏ ਲਿਤੀ ਗਈ ਸੀ ਕਿ ਕੀ ਉਹ ਆਪਣੀ ਸੇਵਾ ਮੁਕਤੀ ਉਪਰੰਤ ਉਪਰੋਕਤ ਕੰਮਾਂ ਲਈ ਉਪਬਲੱਧ ਹੋ ਸਕੇਗਾ ਤਾਂ ਇਸ ਕਰਮਚਾਰੀ ਵਲੋਂ ਆਪਣੀ ਸਹਿਮਤੀ ਪ੍ਰਗਟਾਈ ਗਈ ਹੈ, ਜਿਸ ਦਾ ਸਹਿਮਤੀ ਪੱਤਰ ਦਿੱਤਾ। ਇਹ ਕਰਮਚਾਰੀ ਹਮੇਸ਼ਾ ਹੀ ਆਪਣੀ ਡਿਊਟੀ ਪ੍ਰਤੀ ਵਫਾਦਾਰ ਰਿਹਾ ਹੈ, ਜਿਹੜਾ ਵੀ ਕੰਮ ਇਸ ਨੂੰ ਦਿੱਤਾ ਜਾਂਦਾ ਹੈ, ਉਸ ਨੂੰ ਤੁਰੰਤ ਪੂਰਾ ਕਰਕੇ ਉਚ ਅਧਿਕਾਰੀਆਂ ਨੂੰ ਰਿਪੋਰਟ ਕਰਦਾ ਹੈ। ਇਸ ਕਰਮਚਾਰੀ ਵਿਰੁੱਧ ਕੋਈ ਵੀ ਸ਼ਿਕਾਇਤ ਜਾਂ ਚਾਰਜ ਸ਼ੀਟ ਪੈਂਡਿੰਗ ਨਹੀਂ ਹੈ। ਇਸ ਦੇ ਕੰਮ ਤੋਂ ਸ਼ਹਿਰ ਦੇ ਵਿਧਾਇਕ ਜੀ ਅਤੇ ਕੌਂਸਲਰ ਸਾਹਿਬਾਨ ਵੀ ਖੁਸ਼ ਹਨ ਅਤੇ ਉਨ੍ਹਾਂ ਵਲੋਂ ਇਸ ਕਰਮਚਾਰੀ ਦੀਆਂ ਸੇਵਾਵਾਂ ਲੈਣ ਲਈ ਇਸ ਨੂੰ ਕੰਟਰੈਕਟ ਤੇ ਰੱਖਣ ਲਈ ਸਿਫਾਰਸ਼ ਕੀਤੀ ਹੈ।

ਸ਼੍ਰੀ ਜਗਰੂਪ ਸਿੰਘ, ਜੂਨੀਅਰ ਇੰਜੀਨੀਅਰ Smart City Project ਦੇ ਤਹਿਤ ਐਲ.ਈ.ਡੀ ਸਟਰੀਟ ਲਾਈਟ ਪ੍ਰੋਜੈਕਟ ਨੂੰ ਬਹੁਤ ਚੰਗੇ ਤਰੀਕੇ ਨਾਲ ਸੰਭਾਲ ਸਕਦਾ ਹੈ ਅਤੇ ਇਸ ਪ੍ਰੋਜੈਕਟ ਨੂੰ ਸਮੇਂ ਸਿਰ ਪੂਰਾ ਕਰਵਾ ਸਕਦਾ ਹੈ। ਕਿਉਂ ਜ਼ੋ ਇਸ ਸਮੇਂ ਨਗਰ ਨਿਗਮ ਜਲੰਧਰ ਵਿਖੇ ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) ਦੀ ਬਹੁਤ ਘਾਟ ਹੈ ਅਤੇ ਨਵੀਆਂ ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) ਦੀਆਂ ਨਿਯੁਕਤੀਆਂ ਕਰਨ ਨੂੰ ਕਾਫੀ ਸਮਾਂ ਲਗ ਸਕਦਾ ਹੈ। ਇਸ ਲਈ ਤਜਵੀਜ ਕੀਤੀ ਜਾਂਦੀ ਹੈ ਕਿ ਸ਼੍ਰੀ ਜਗਰੂਪ ਸਿੰਘ, ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) ਨੂੰ ਮਿਤੀ 01-10-2020 ਤੋਂ 30-09-2021 ਤੱਕ ਇੱਕ ਸਾਲ ਲਈ ਨਿਯਮਾਂ ਅਨੁਸਾਰ ਕੰਟਰੈਕਟ ਰੇਟ ਤੇ ਨਿਯੁਕਤ ਕਰਨ ਲਈ ਕੇਸ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਹੋਣ ਉਪਰੰਤ ਸਥਾਨਕ ਸਰਕਾਰ ਪਾਸੋਂ ਮੰਜੂਰੀ ਲਈ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 11.9.2020 ਰਾਹੀਂ ਉਪਰੋਕਤ ਅਨੁਸਾਰ ਤਜਵੀਜ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 17.9.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 17.9.2020 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਪ੍ਰਵਾਨਗੀ ਦਿੱਤੀ ਹੈ ।

ਤਜਵੀਜ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 50

ਵਿਸ਼ਾ: ਫਾਇਰ ਬ੍ਰਿਗੇਡ ਜਲੰਧਰ ਵਿੱਚ ਕੰਮ ਕਰ ਰਹੇ ਸਟਾਫ ਦੀ 10 ਲੱਖ ਰੁਪਏ ਦੀ ਇੰਸ਼ੋਰੈਂਸ ਕਰਵਾਉਣ ਬਾਰੇ।

ਪੜਿਆ ਨੋਟ ਸਟੇਸ਼ਨ ਫਾਇਰ ਅਫ਼ਸਰ ਜਿਸ ਨਾਲ ਏ.ਡੀ.ਐਫ.ਓ. ਨੇ ਸਿਫਾਰਸ਼ ਕੀਤੀ ਹੈ ਕਿ ਬੇਨਤੀ ਹੈ ਕਿ ਨਗਰ ਨਿਗਮ ਫਾਇਰ ਬ੍ਰਿਗੇਡ ਜਲੰਧਰ ਦੇ ਕਰਮਚਾਰੀਆਂ ਦਾ 10.00 ਲੱਖ ਰੁ. ਦਾ ਬੀਮਾ ਕਰਵਾਉਣ ਲਈ Bajaj Allianz General Insurance Company Limitedਜਿਸ ਦਾ ਰੇਟ ਰੁ. 399/- ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ ਦੇ ਪੱਤਰ ਨੰ: A1-GB-DLG-2018/18033-18048 ਮਿਤੀ: 24.03.18 ਅਨੁਸਾਰ ਸੀ। ਵਿਭਾਗ ਵਲੋਂ ਮਾਨਯੋਗ ਕਮਿਸ਼ਨਰ ਜੀ ਪਾਸੋਂ ਕਰਮਚਾਰੀਆਂ ਦਾ ਬੀਮਾ ਕਰਵਾਉਣ ਲਈ ਪ੍ਰਵਾਨਗੀ ਮਿਤੀ: 28.05.19 ਨੂੰ ਪ੍ਰਾਪਤ ਕੀਤੀ ਗਈ। ਕੰਪਨੀ ਨਾਲ ਟੈਲੀਫੋਨ ਰਾਹੀਂ ਸੰਪਰਕ ਕੀਤਾ ਗਿਆ ਤਾਂ ਉਨਾਂ ਵਲੋਂ ਆਪਣਾ ਨਵਾਂ ਰੇਟ ਜਿਹੜਾ ਕਿ ਅਪ੍ਰੈਲ-2019 ਤੋਂ ਰੁ. 472/- ਹੋ ਗਿਆ ਸੀ ਸਬੰਧੀ ਪੱਤਰ ਭੇਜਿਆ ਗਿਆ।ਦਫਤਰ ਵਲੋਂ ਕੇਸ ਮੁੜ ਤੋਂ ਰੁ. 472/- ਪ੍ਰਤੀ ਕਰਮਚਾਰੀ ਬੀਮਾ ਕਰਵਾਉਣ ਲਈ ਮਾਨਯੋਗ ਕਮਿਸ਼ਨਰ ਜੀ ਪਾਸ ਫਾਈਲ ਪੁਟਅੱਪ ਕੀਤੀ ਗਈ ਜਿਸ ਤੇ ਮਾਨਯੋਗ ਕਮਿਸ਼ਨਰ ਜੀ ਵਲੋਂ ਆਪਣੇ ਹੁਕਮ ਮਿਤੀ: 21.08.19 ਰਾਹੀਂ ਬੀਮੇ ਲਈ ਖਰਚ ਪ੍ਰਵਾਨ ਕਰ ਦਿੱਤਾ ਸੀ।

ਜਿਸ ਤੇ ਨਗਰ ਨਿਗਮ ਜਲੰਧਰ ਦੀ ਲੇਖਾ ਸ਼ਾਖਾ ਪਾਸ ਬਿੱਲ ਪੇਸ਼ ਕੀਤਾ ਗਿਆ।ਉਨਾਂ ਦੱਸਿਆ ਕਿ ਪ੍ਰਤੀ ਕਰਮਚਾਰੀ ਦਾ ਬੀਮਾ ਕਰਵਾਉਣ ਤੇ ਪ੍ਰੀਮਿਅਮ ਰੁ. 399/- ਦੀ ਬਜਾਏ ਹੁਣ ਰੇਟ ਰੁ. 472/- ਹੋ ਗਿਆ ਹੈ।ਇਸ ਲਈ ਦੂਜੀਆਂ ਹੋਰ ਬੀਮਾ ਕੰਪਨੀਆਂ ਪਾਸੋਂ ਵੀ ਕੁਟੈਸ਼ਨਾਂ ਪ੍ਰਾਪਤ ਕੀਤੀਆਂ ਜਾਣ।ਜਿਸ ਤੇ ਦਫਤਰ ਵਲੋਂ United India Insurance Co. Ltd. ਪਾਸੋਂ ਕੁਟੈਸ਼ਨ ਪ੍ਰਾਪਤ ਕੀਤੀ ਗਈ ਇਸ ਕੰਪਨੀ ਦਾ ਰੇਟ ਰੁ. 590/- ਅਤੇ The New India Assurance Co. Ltd. ਪਾਸੋਂ ਕੁਟੈਸ਼ਨ ਪ੍ਰਾਪਤ ਕੀਤੀ ਗਈ ਇਸ ਕੰਪਨੀ ਦਾ ਰੇਟ ਰੁ. 590/- ਹੈ।ਇਨਾਂ ਦੋਵਾਂ ਬੀਮਾ ਕੰਪਨੀਆਂ ਤੋਂ Bajaj Allianz General Insurance Company Limited ਦਾ ਰੇਟ ਸਭ ਤੋਂ ਘੱਟ ਰੁ. 472/- ਹੈ।ਤੇ ਸਿਰਫ ਇਹੀ ਕੰਪਨੀ On duty Accident ਦੇ ਰਿਸਕ ਨੂੰ ਕਵਰ ਕਰਦੀ ਹੈ।ਲੇਖਾ ਸ਼ਾਖਾ ਦੇ ਦੱਸੇ ਅਨੁਸਾਰ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ ਪਾਸੋਂ ਜਾਂ ਫਿਰ ਨਗਰ ਨਿਗਮ ਹਾਊਸ ਪਾਸੋਂ ਰੁ. 472/- ਪ੍ਰਤੀ ਕਰਮਚਾਰੀ ਬੀਮੇ ਦੀ ਪ੍ਰੀਮਿਅਮ ਖਰਚ ਦੀ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇ।ਇਸ ਦਫਤਰ ਵਲੋਂ ਸਥਾਨਕ ਸਰਕਾਰ ਨੂੰ ਪੱਤਰ ਨੰ: ਐਫ.ਬੀ.ਜੇ./182 ਮਿਤੀ: 24.09.19 ਨੂੰ ਭੇਜਿਆ ਗਿਆ ਪਰ ਉਸ ਦਾ ਕੋਈ ਜੁਆਬ ਪ੍ਰਾਪਤ ਨਹੀਂ ਹੋਇਆ।ਯੂਨੀਅਨ ਵਲੋਂ ਪੁਰਜੋਰ ਅਪੀਲ ਕੀਤੀ ਜਾ ਰਹੀ ਹੈ ਕਿ ਸਟਾਫ ਦਾ ਬੀਮਾ ਕਰਵਾਇਆ ਜਾਵੇ।ਇਸ ਲਈ ਮੌਜੂਦਾ ਸਮੇਂ ਫਾਇਰ ਬ੍ਰਿਗੇਡ ਵਿੱਚ ਕੰਮ ਕਰ ਰਹੇ ਕੁੱਲ 84 ਕਰਮਚਾਰੀਆਂ ਦਾ ਬੀਮਾ Bajaj Allianz General Insurance Company Limitedਦੇ ਪ੍ਰਤੀ ਕਰਮਚਾਰੀ ਰੁ. 472/- ਦੇ ਪ੍ਰੀਮਿਅਮ ਕਰਵਾਉਣ ਤੇ ਖਰਚ ਰੁ. 39,648/- ਆਵੇਗਾ।

ਮਾਨਯੋਗ ਪ੍ਰਮੁੱਖ ਸਕੱਤਰ ਸਥਾਨਕ ਸਰਕਾਰ ਪੰਜਾਬ ਚੰਡੀਗੜ ਜੀ ਦੇ ਹੁਕਮ ਨੰ: ਸ2-ਜਸਸ-ਡਸਸ-19/238 ਮਿਤੀ: 31.12.19 ਰਾਹੀਂ ਨਗਰ ਨਿਗਮ ਨੂੰ 1 ਲੱਖ ਰੁ. ਤੱਕ ਆਪਾਤਕਾਲੀਨ ਹਾਲਾਤਾਂ ਵਿੱਚ ਖਰਚ ਕਰਨ ਦੀਆਂ ਪਾਵਰਜ ਡੈਲੀਗੇਟ ਕੀਤੀਆਂ ਹਨ ਇਸ ਲਈ ਉਕਤ ਹੁਕਮਾਂ ਦੀ ਰੋਸ਼ਨੀ ਵਿੱਚ ਫਾਇਰ ਬ੍ਰਿਗੇਡ ਐਮਰਜੰਸੀ ਸੇਵਾਵਾਂ ਦੇ ਮਹਿਕਮੇਂ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਫਾਇਰ ਬ੍ਰਿਗੇਡ ਦੇ 84 ਕਰਮਚਾਰੀਆਂ ਦਾ ਉਕਤ ਬੀਮਾ ਕੰਪਨੀ ਤੋਂ ਬੀਮਾ ਕਰਵਾਉਣ ਵਾਸਤੇ ਖਰਚ ਰੁ. 39,648/- ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਪਾਸੋਂ ਲੋੜੀਂਦੀ ਹੈ।ਸੰਯੁਕਤ ਕਮਿਸ਼ਨਰ(ਹ) ਵਲੋਂ ਮਿਤੀ 13.4.2020 ਨੂੰ ਇਸ ਖ਼ਰਚੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 13.4.2020 ਨੂੰ ਇਸ ਖ਼ਰਚੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਖ਼ਮੀਨਾ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 51

ਵਿਸ਼ਾ:- Supply of 20 Nos. Battery Operated E-cart for Garbage for transporting waste with covering arrangement

ਪੜਿਆ ਨੋਟ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਮਿਤੀ 26.8.2020 ਕਿ ਉਪਰੋਕਤ ਵਿਸ਼ੇ ਅਧੀਨ ਸਿਹਤ ਅਫਸਰ, ਸਿਹਤ ਸ਼ਾਖਾ ਦੀ ਮੰਗ ਤੇ MSW 2016 Rules ਦੇ ਅਧੀਨ 20 Compartmentized Garbage Tipper ਦੀ ਖਰੀਦ ਕਰਨ ਲਈ ਤਖਮੀਨਾ ਰੁਪਏ 1.40 ਕਰੋੜ (ਪ੍ਰਤੀ ਟਿਪਰ ਰੁਪਏ 7.00 ਲੱਖ) ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 176 ਮਿਤੀ 18.10.2018 ਰਾਹੀਂ ਦਿੱਤੀ ਗਈ ਸੀ। ਸਥਾਨਕ ਸਰਕਾਰ ਵਲੋਂ ਇਸ ਮਤੇ ਦੀ ਪ੍ਰਵਾਨਗੀ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-18/69006 ਮਿਤੀ 06.12.2018 ਰਾਹੀਂ ਦਿੱਤੀ ਗਈ। ਕਿਉਂ ਜ਼ੋ ਇਹ ਤਖਮੀਨਾ ਰੁਪਏ 1.00 ਕਰੋੜ ਤੋਂ ਵੱਧ ਸੀ, ਇਸ ਲਈ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਲਈ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ ਜੀ ਨੂੰ ਭੇਜਿਆ ਗਿਆ ਸੀ। ਮੁੱਖ ਇੰਜੀਨੀਅਰ ਜੀ ਵਲੋਂ ਪੱਤਰ ਨੰਬਰ 152/ਸੀ.ਈ/ਡਬਲਯੂ.ਐਸ.ਜੀ ਮਿਤੀ 07.01.2019 ਰਾਹੀਂ ਇਹ ਤਖਮੀਨਾਂ ਰੁਪਏ 5,20,000/- ਪ੍ਰਤੀ ਹਾਪਰ ਪ੍ਰਵਾਨ ਕੀਤਾ ਗਿਆ।

ਇਸ ਉਪਰੰਤ ਸਿਹਤ ਅਫਸਰ ਨਗਰ ਨਿਗਮ ਵਲੋਂ ਲਿਖ ਕੇ ਦਿੱਤਾ ਗਿਆ ਕਿ ਮਾਨਯੋਗ ਕਮਿਸ਼ਨਰ ਜੀ, ਡਿਪਟੀ ਮੇਅਰ ਜੀ ਅਤੇ ਕੌਂਸਲਰ ਸ਼੍ਰੀ ਸਮਰਾਏ ਜੀ ਦੇ ਨਾਲ MSW Management ਲਈ Vellore ਸ਼ਹਿਰ ਦਾ ਦੋਰਾ ਕੀਤਾ ਗਿਆ। ਇਸ ਦੋਰਾਨ ਉਸ ਜਗ੍ਹਾ ਤੇ MSW Collection ਲਈ MSW Battery Operated ਮਸ਼ੀਨਰੀ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਇਸ ਨੂੰ ਸਾਰਿਆਂ ਵਲੋਂ ਬਹੁਤ ਪੰਸਦ ਕੀਤਾ ਗਿਆ ਹੈ, ਇਸ ਲਈ MSW Collection ਲਈ MSW Battery Operated ਮਸ਼ੀਨਰੀ ਦੀ ਖਰੀਦ ਕੀਤੀ ਜਾਵੇ। ਇਸ ਬਾਰੇ ਹੋਰ ਘੋਖਣ ਤੇ ਪਾਇਆ ਗਿਆ ਕਿ ਸਥਾਨਕ ਸਰਕਾਰ ਪੰਜਾਬ ਵਲੋਂ ਜਾਰੀ ਪੱਤਰ ਨੰਬਰ ATPS/44/Local Govt. ਮਿਤੀ 22.12.2017 ਰਾਹੀਂ ਪਟਿਆਲਾ ਨਗਰ ਨਿਗਮ ਨੂੰ ਵਿਸ਼ੇਸ਼ ਤੌਰ ਤੇ ਬੈਟਰੀ ਓਪਰੇਟਿਡ ਗਾਰਬੇਜ਼ ਹੋਪਰ ਖਰੀਦ ਕਰਨ ਦੀ ਹਦਾਇਤ ਕੀਤੀ ਸੀ। ਬੈਟਰੀ ਓਪਰੇਟਿਡ ਗਾਰਬੇਜ਼ ਹੋਪਰ ਖਰੀਦ ਕਰਨ ਨਾਲ ਜਿਥੇ ਨਗਰ ਨਿਗਮ ਵਿੱਤੀ ਲਾਭ ਹੋਵੇਗਾ, ਉਥੇ ਹੀ ਇਹ ਹੋਪਰ ਵਾਤਾਵਰਨ ਨੂੰ ਸ਼ੁਧ ਰੱਖਣ ਵਿੱਚ ਵੀ ਸਹਾਇਕ ਹੋਵੇਗਾ। ਇਹ ਹੋਪਰ ICAT ਤੋਂ ਸਰਟੀਫਾਈਡ ਹੋਵੇਗਾ। ਇਹ ਹੋਪਰ ਵਿੱਚ Lithimise ਬੈਟਰੀ ਦਾ ਉਪਯੋਗ ਕੀਤਾ ਜਾਵੇਗਾ। ਉਪਰੋਕਤ ਤਜਵੀਜ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਕੀਤਾ ਗਿਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 100 ਮਿਤੀ 28.06.2019 ਰਾਹੀਂ ਪ੍ਰਵਾਨ ਕੀਤਾ ਗਿਆ।

ਇਸ ਉਪਰੰਤ ਮਾਨਯੋਗ ਕਮਿਸ਼ਨਰ ਜੀ ਨਾਲ ਹੋਏ ਵਿਚਾਰ ਵਟਾਂਦਰੇ ਉਪਰੰਤ ਮਾਨਯੋਗ ਕਮਿਸ਼ਨਰ ਜੀ ਵਲੋਂ ਹੁਕਮ ਦਿੱਤੇ ਗਏ ਕਿ ਖਰੀਦ ਕੀਤੇ ਜਾ ਰਹੇ 20 Nos. Garbage hopper ਦੀ ਥਾਂ ਤੇ 20 Nos. Battery operated E-Cart (E-Rickshaw) ਖਰੀਦ ਕੀਤੇ ਜਾਣ ਅਤੇ ਇਸ ਵਿੱਚ Lithimise Battery ਦੀ ਬਜਾਏ Lead Acid ਬੈਟਰੀ ਦਾ ਤਖਮੀਨਾ ਤਿਆਰ ਕਰਕੇ ਟੈਂਡਰ ਲਗਾਏ ਜਾਣ। ਇਸ ਲਈ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਜੈਮ ਪੋਰਟਲ ਤੋਂ ਰੇਟ ਲੈਣ ਉਪਰੰਤ ਇਨ੍ਹਾਂ ਦੀ ਖਰੀਦ ਕਰਨ ਲਈ ਰਫ ਕਾਸਟ ਤਖਮੀਨਾ ਸਮੇਤ RFP ਰੁਪਏ 54,00,000/- (ਪ੍ਰਤੀ ਈ-ਰਿਕਸ਼ਾ ਰੁਪਏ 2.70 ਲੱਖ) ਦਾ ਤਿਆਰ ਕੀਤਾ ਗਿਆ। ਇਹ ਤਖਮੀਨਾ ਰੁਪਏ 54,00,000/- ਦੀ ਪ੍ਰਵਾਨਗੀ ਅਤੇ ਪ੍ਰਵਾਨਗੀ ਉਪਰੰਤ ਟੈਂਡਰ ਲਗਾਉਣ ਦੀ ਮੰਜੂਰੀ ਮਾਨਯੋਗ ਕਮਿਸ਼ਨਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 29.08.2019 ਰਾਹੀਂ ਦਿੱਤੀ ਗਈ। ਜਿਸ ਅਨੁਸਾਰ ਇਨ੍ਹਾਂ 20 Nos. Battery operated E-Cart (E-Rickshaw) ਦੀ ਖਰੀਦ ਨਗਰ ਨਿਗਮ ਹਾਊਸ ਵਲੋਂ ਪਹਿਲਾ ਹੀ ਪ੍ਰਵਾਨ ਕੀਤੇ ਗਏ ਮਤਾ ਨੰਬਰ 176 ਮਿਤੀ 18.10.2018 ਅਧੀਨ ਤਖਮੀਨਾ ਰੁਪਏ 1.40 ਕਰੋੜ ਵਿਚੋਂ ਕੀਤੀ ਜਾਣੀ ਸੀ।

ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰੀਕ੍ਰਿਆ ਰਾਹੀਂ 18.11.2019 ਲਈ ਮੰਗੇ ਗਏ ਤੇ ਪ੍ਰਾਪਤ ਹੋਏ 2 ਟੈਂਡਰਾਂ ਵਿਚੋਂ ਘੱਟ ਰੇਟ ਦਾ ਟੈਂਡਰ M/s CLH GASEOUS FUEL APPLICATIONS PVT. LTD. Delhi ਦਾ ਪ੍ਰਾਪਤ ਹੋਇਆ, ਜਿਸ ਨੇ ਪ੍ਰਤੀ E-Cart ਰਿਕਸ਼ਾ ਦੀ ਸਪਲਾਈ ਰੁਪਏ 1,89,000/- ਵਿੱਚ ਕਰਨੀ ਸੀ। ਇਸ ਤਰ੍ਹਾਂ E-Cart ਪ੍ਰਤੀ ਰਿਕਸ਼ਾ ਰੁਪਏ 1,89,000/- ਦੇ ਹਿਸਾਬ ਨਾਲ 20 ਨੰਬਰ E-Cart ਰਿਕਸ਼ਾ ਦੀ ਸਪਲਾਈ ਦਾ ਕੰਮ ਰੁਪਏ 37,80,000/- ਵਿੱਚ ਕੀਤਾ ਜਾਣਾ ਸੀ। ਇਸ ਟੈਂਡਰ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ਫੈਸਲੇ ਹਿੱਤ ਭੇਜਿਆ ਗਿਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 215 ਮਿਤੀ 20.12.2019 ਰਾਹੀਂ ਪ੍ਰਵਾਨ ਕੀਤਾ ਗਿਆ।

ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ ਸੀ.ਈ/ਈ.ਟੀ/167 ਮਿਤੀ 06.01.2020 ਜਾਰੀ ਕੀਤਾ ਗਿਆ ਅਤੇ ਕੰਮ ਮੁੰਕਮਲ ਕਰਨ ਲਈ 3 ਮਹੀਨੇ ਦਾ ਸਮਾਂ ਦਿੱਤਾ ਗਿਆ। ਇਥੇ ਇਹ ਦਸਿਆ ਜਾਂਦਾ ਹੈ ਕਿ ਅਜੰਸੀ ਨੇ ਅੰਦਰ ਮਿਆਦ 20 Nos. E-Cart ਰਿਕਸ਼ਿਆਂ ਦੀ ਸਪਲਾਈ ਨਗਰ ਨਿਗਮ ਨੂੰ ਕਰਨ ਉਪਰੰਤ ਆਪਣਾ ਪਹਿਲਾਂ ਅਤੇ ਅੰਤਿਮ ਬਿਲ ਇਨਵਾਇਸ ਨੰਬਰ C/20-21/00001 ਤੋਂ C/20-21/00020 ਮਿਤੀ 08.05.2020 ਰਾਹੀਂ ਰੁਪਏ 37,80,000/- ਭੇਜ ਕੇ ਅਦਾਇਗੀ ਦੀ ਮੰਗ ਕੀਤੀ ਸੀ, ਜਿਸ ਉਪਰੰਤ ਇਹ ਬਿਲ ਅਦਾਇਗੀ ਵਾਸਤੇ ਲੇਖਾ ਸ਼ਾਖਾ ਨੂੰ ਭੇਜਿਆ ਗਿਆ ਸੀ ਪਰੰਤੂ ਡੀ.ਸੀ.ਐਫ.ਏ, ਵਿੱਤ ਅਤੇ ਲੇਖਾ ਵਲੋਂ ਇਸ ਬਿਲ ਤੇ ਇਤਰਾਜ ਲਗਾਉਂਦੇ ਹੋਏ ਲਿਖਿਆ ਗਿਆ ਹੈ ਕਿ ਤਖਮੀਨਾ ਰੁਪਏ 54,00,000/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੈਣੀ ਬਣਦੀ ਹੈ। ਕਿਉਂ ਜ਼ੋ ਅਜੰਸੀ ਵਲੋਂ ਇਨ੍ਹਾਂ 20 Nos. E-Cart ਰਿਕਸ਼ਿਆਂ ਦੀ ਸਪਲਾਈ ਨਗਰ ਨਿਗਮ ਜਲੰਧਰ ਨੂੰ ਕੀਤੀ ਜਾ ਚੁੱਕੀ ਹੈ, ਇਸ ਲਈ ਉਪਰੋਕਤ ਅਨੁਸਾਰ ਤਖਮੀਨਾ ਰੁਪਏ 54,00,000/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ। ਕਮਿਸ਼ਨਰ ਜੀ ਨੇ ਮਿਤੀ 31.8.2020 ਰਾਹੀਂ ਸਹਿਮਤੀ ਪ੍ਰਗਟਾਈ ਹੈ। ਮਾਨਯੋਗ ਮੇਅਰ ਜੀ ਨੇ ਮਿਤੀ 2.9.2020 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 52

ਵਿਸ਼ਾ :– Constituting Biodiversity Management Committee (BMC) and People's Biodiversity Register (PBR).

ਪੜ੍ਹਿਆ ਨੋਟ ਸੁਪਰਡੰਟ ਸਿਹਤ ਮਿਤੀ 30.1.2020 ਕਿ ਮਾਨਯੋਗ NGT ਦੇ ਹੁਕਮਾਂ ਅਨੁਸਾਰ Biodiverstiy Management Committee (BMC) and People's Biodiversity Register (PBR) ਵੱਲੋ ਮਿਤੀ: 29.01.2020 ਨੂੰ ਪੱਤਰ ਪ੍ਰਾਪਤ ਹੋਇਆ ਹੈ। NGT ਵੱਲੋ ਹੁਕਤ ਕੀਤੇ ਹਨ ਕਿ ਇਸ ਸਬੰਧ ਵਿੱਚ 31 ਜਨਵਰੀ ਤੱਕ ਉਪਰੋਕਤ ਕਾਰਵਾਈ ਕੀਤੀ ਜਾਵੇ । ਨਾ ਕਰਨ ਦੀ ਸੂਰਤ ਵਿੱਚ 10 ਲੱਖ ਰੁਪਏ ਹਰ ਮਹੀਨੇ Central Pollution Control Board ਨੂੰ ਜੁਰਮਾਨਾ ਦੇਣਾ ਪਵੇਗਾ।

ਕਮੇਟੀ ਮੈਂਬਰ ਹੇਠ ਲਿਖੇ ਅਨੁਸਾਰ ਮੰਗ ਕੀਤੀ ਗਈ ਹੈ :–

ਲੜੀ ਨੰ:	ਵਰਗ
1	ਚੇਅਰਮੈਨ
2	ਔਰਤ ਮੈਂਬਰ
3	ਔਰਤ ਮੈਂਬਰ
4	ਐਸ.ਸੀ./ਐਸ.ਟੀ.ਮੈਂਬਰ
5	ਮੈਂਬਰ
6	ਮੈਂਬਰ
7	ਸਕੱਤਰ

ਸਿਹਤ ਅਫਸਰ ਨੇ ਮਿਤੀ 30.1.2020 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਲਈ ਸ਼ਿਫਾਰਸ਼ ਕੀਤੀ ਹੈ ।ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 30.1.2020 ਰਾਹੀਂ ਲਿਖਿਆ ਹੈ ਕਿ for constituting above committee, the names from amongst MCs or other learned ones relating brodiversities may be taken and a committee be constituted. ਕਮਿਸ਼ਨਰ ਜੀ ਨੇ ਮਿਤੀ 30.1.2020 ਰਾਹੀਂ ਲਿਖਿਆ ਹੈ ਕਿ The committee may be constituted.

ਮਾਨਯੋਗ ਮੇਅਰ ਜੀ ਨੇ ਮਿਤੀ 30.1.2020 ਰਾਹੀਂ ਲਿਖਿਆ ਹੈ ਕਿ As per the directions issued from Hon'ble NGT on the request of Biodiversity Management Committee (BMC) and Peoples Biodiversity Register (PBR) dated 29/01/2020, the 7 Member Committee has been constituted as below:

1. Smt. Manjit Kaur, Councillor Ward No. 21 - Chairman
2. Sh. Sanjeev Khanna, Enviourmentalist - Secretary
3. Sh. Jagdish Samrai, Councillor Ward No. 78 - S.C/ST Member
4. Sh. Vicky Kalia, Councillor Ward No. 64 - Member
5. Sh. Parduman Singh Thukral, Environmentalist - Member
6. Smt. Tamanreet Kaur, Councillor Ward No. 1 - Ladies Member
7. Smt. Dolly Saini, Councillor, Ward No. 15 - Ladies Member

ਮਾਮਲਾ ਹਾਊਸ ਵਿਚ ਅੰਤਮ ਪ੍ਰਵਾਨਗੀ ਅਤੇ ਜਾਣਕਾਰੀ ਹਿਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
1.12.2020

ਮਤਾ ਨੰ: 53

ਵਿਸ਼ਾ :- ਸ਼ਹਿਰ ਵਿੱਚ ਘੁੰਮ ਰਹੇ ਅਵਾਰਾ ਗਊਆਂ/ਪਸ਼ੂਆਂ ਨੂੰ ਗਊਸ਼ਾਲਾ ਪ੍ਰਬੰਧਕ ਕਮੇਟੀ (ਰਜਿ) ਦੀ ਚਾਰ ਦੀਵਾਰੀ ਵਿੱਚ ਰੱਖਣ ਲਈ ਸਾਲ 2020-21 ਦੀ ਗ੍ਰਾਂਟ ਜਾਰੀ ਕਰਵਾਉਣ ਬਾਰੇ।

ਪੜ੍ਹਿਆ ਨੋਟ ਸਹਾਇਕ ਸਿਹਤ ਅਫਸਰ ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 22.5.2020 ਰਾਹੀਂ ਕੀਤੀ ਹੈ ਕਿ ਨਗਰ ਨਿਗਮ ਹਾਊਸ ਦੇ ਮਤਾ ਨੰਬਰ 118 ਮਿਤੀ 15-07-2010 ਰਾਹੀ ਅਵਾਰਾ ਪਸ਼ੂਆਂ/ਗਊਆਂ ਦੀ ਸਾਂਭ ਸੰਭਾਲ ਲਈ 1 ਲੱਖ ਰੁਪਏ ਪ੍ਰਤੀ ਮਹੀਨਾ ਦੇਣ ਦੀ ਪ੍ਰਵਾਨਗੀ ਸਰਕਾਰ ਵੱਲੋ ਆਪਣੇ ਪੱਤਰ ਨੰ: 6/33/10-4 ਸਸ1/2797 ਮਿਤੀ : 20-09-2010 ਰਾਂਹੀ ਮੰਨਜੂਰੀ ਦਿੱਤੀ ਹੋਈ ਹੈ।

ਹੁਣ ਸਾਲ 2018-19 ਦੀ ਗ੍ਰਾਂਟ 1,00,000/- ਰੁਪਏ ਮਹੀਨਾ ਦੇਣ ਲਈ ਨਗਰ ਨਿਗਮ ਦੇ ਹਾਊਸ ਰਾਹੀਂ ਮਤਾ ਨੰ: 09 ਮਿਤੀ : 05/03/2018 ਅਨੁਸਾਰ ਸੁਪਰਡੈਂਟ (ਸ.ਸ.1 ਸ਼ਾਖਾ) ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਪੱਤਰ ਨੰ: ਸ5-ਡਸਸ-ਮਸਸ-18/17173 ਮਿਤੀ : 21-03-2018 ਨੂੰ ਗ੍ਰਾਂਟ ਦੀ ਮੰਨਜ਼ੂਰੀ ਆ ਗਈ ਹੈ। ਮਾਰਚ, 2018 ਤੱਕ ਦੀ ਸਾਰੀ ਗ੍ਰਾਂਟ ਦੀ ਰਕਮ ਨਗਰ ਨਿਗਮ ਵੱਲੋ ਪਿੰਜਰਾਪੋਲ ਗਊਸ਼ਾਲਾ (ਰਜਿ) ਨੂੰ ਦਿੱਤੀ ਜਾ ਚੁੱਕੀ ਹੈ।

ਇਸ ਤਰ੍ਹਾ ਮਹੀਨਾ ਅਪ੍ਰੈਲ 2018 ਤੋਂ ਮਾਰਚ 2019 ਤੱਕ ਇੱਕ ਸਾਲ ਦੀ 12,00,000/- ਰੁਪਏ ਅਤੇ ਮਹੀਨਾ ਅਪ੍ਰੈਲ, 2019 ਤੋਂ ਮਾਰਚ, 2020 ਤੱਕ ਇੱਕ ਸਾਲ ਦੀ 12,00,000/- ਰੁਪਏ ਬਣਦੀ ਹੈ। ਜ਼ੋ ਕਿ ਸਾਰੀ ਰਕਮ ਦੀ ਅਦਾਇਗੀ ਹੋ ਚੁੱਕੀ ਹੈ ਅਤੇ ਅਪ੍ਰੈਲ 2020 ਤੋਂ ਲੈ ਕੇ ਮਾਰਚ 2021 ਤੱਕ 1 ਲੱਖ ਰੁਪਏ ਪ੍ਰਤੀ ਮਹੀਨੇ ਦੀ ਹਿਸਾਬ ਨਾਲ 12,00,000/- ਇੱਕ ਸਾਲ ਦੀ ਅਦਾਇਗੀ ਦੀ ਤਜਵੀਜ ਮਾਨਯੋਗ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਤੇ ਪੇਸ਼ ਹੈ । ਕਮਿਸ਼ਨਰ ਜੀ ਨੇ ਮਿਤੀ 22.5.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 22-5-2020 ਨੂੰ ਉਕਤ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 54

ਵਿਸ਼ਾ:- Animal Birth Control and Anti Rabies vaccination (ABC-ARV) project for Stray Dogs in Municipal Corporation Jalandhar.

ਪੜ੍ਹਿਆ ਦਫਤਰੀ ਨੋਟ ਸਹਾਇਕ ਸਿਹਤ ਅਫਸਰ ਮਿਤੀ 17.8.2020 ਜਿਸ ਦੀ ਸ਼ਿਫਾਰਸ ਸਿਹਤ ਅਫਸਰ ਨੇ ਕੀਤੀ ਹੈ ਕਿ ਪਿਛਲੇ ਲਗਭਗ 20 ਮਹੀਨੇ ਤੋਂ (ABC-ARV) project ਨਗਰ ਨਿਗਮ ਜਲੰਧਰ ਵੱਲੋਂ ਚਲਾਇਆ ਜਾ ਰਿਹਾ ਹੈ। ਇਸ ਪ੍ਰੋਜੈਕਟ ਤਹਿਤ ਲਗਭੱਗ 17000 ਦੇ ਕਰੀਬ ਓਪਰੇਸ਼ਨ ਕੀਤੇ ਜਾ ਚੁੱਕੇ ਹਨ। ਨਗਰ ਨਿਗਮ ਜਲੰਧਰ ਦੀ ਹੱਦ ਦੇ ਅੰਦਰ ਇਹ ਸਮੱਸਿਆ ਕਾਫੀ ਹੱਲ ਹੋਈ ਵੀ ਹੈ ਅਤੇ ਇਸ ਸਮੱਸਿਆ ਨੂੰ ਪੂਰੀ ਤਰ੍ਹਾ ਹੱਲ ਕਰਨ ਲਈ ਪਹਿਲੇ ਸਾਲਾਂ ਦੀ ਤਰ੍ਹਾਂ ਹੀ ਲਗਭਗ ਇੱਕ ਸਾਲ ਲਈ ਹੋਰ ਓਪਰੇਸ਼ਨ ਕਰਨ ਦੀ ਜਰੂਰਤ ਹੈ। ਇਸਦਾ ਕਾਰਨ ਇਹ ਹੈ ਕਿ ਹਰ ਸਾਲ ਅਵਾਰਾ ਕੁੱਤਿਆ ਦੀ ਤਦਾਦ 10% ਤੋਂ 15% ਵੱਧ ਜਾਂਦੀ ਹੈ ਅਤੇ ਚੈਪਟਰ 3 ਕਾਲਮ 3.5 ਵਿੱਚ ਐਨੀਮਲ ਵੈਲਫੇਅਰ ਬੋਰਡ ਆਫ ਇੰਡੀਆ ਦੇ ABC Dog Module ਵਿੱਚ ਦੱਸਿਆ ਗਿਆ ਹੈ ਕਿ ਸ਼ਹਿਰ ਦੇ ਅਲੱਗ-ਅੱਲਗ ਹਲਾਤਾਂ ਵਿੱਚ ਅਵਾਰਾ ਕੁੱਤਿਆ ਦੀ ਗਿਣਤੀ 1 ਤੋਂ ਲੈ ਕੇ 50 ਅਵਾਰਾ dogs per hundred human population ਹੋ ਸਕਦੀ ਹੈ। ਇਸ ਤਰ੍ਹਾਂ ਇਸ ਕੰਮ ਨੂੰ ਪੂਰੀ ਤਰ੍ਹਾਂ ਨੇਪੜੇ ਚਾੜਨ ਵਾਸਤੇ ਪੁਰਾਣੀਆ terms & conditions ਅਨੁਸਾਰ ਹੀ ਰੋਜਾਨਾ 25 ਤੋਂ 30 ਓਪਰੇਸ਼ਨ ਪ੍ਰਤੀ ਮਹੀਨਾ ਅਤੇ ਇੱਕ ਸਾਲ ਵਿੱਚ 9600 ਓਪਰੇਸ਼ਨ ਕਰਨ ਦੀ ਜਰੂਰਤ ਹੈ ਅਤੇ ਇਸਦਾ ਇੱਕ ਸਾਲ ਦਾ ਕੁੱਲ ਖਰਚਾ 96 ਲੱਖ ਰੁਪਏ ਆਵੇਗਾ।

ਇਹ ਤਜਵੀਜ ਕੀਤੀ ਜਾਂਦੀ ਹੈ ਕਿ ਇੱਕ ਸਾਲ ਵਾਸਤੇ 9600 ਕੁੱਤਿਆਂ ਦੇ ਓਪਰੇਸ਼ਨ ਕਿਸੇ ਐਨ.ਜੀ.ਓ/ਕੰਟਰੈਕਟਰ ਤੋਂ ਕਰਵਾਉਣ ਲਈ 96 ਲੱਖ ਰੁਪਏ ਦੀ ਮੰਜੂਰੀ ਦਿੱਤੀ ਜਾਵੇ। ਇਹ ਕੰਮ ਟੈਂਡਰ ਲਗਵਾ ਕੇ ਕਰਵਾਇਆ ਜਾਣਾ ਹੈ ਅਤੇ ਇਹ ਸ਼ਹਿਰ ਵਾਸੀਆ ਦੀ ਸਿਹਤ ਸੰਭਾਲ ਵਾਸਤੇ ਅਤਿ ਜਰੂਰੀ ਕੰਮ ਹੈ। ਇਹ ਕੰਮ ਕਰਵਾਉਣ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 19.8.2020 ਅਤੇ ਕਮਿਸ਼ਨਰ ਜੀ ਨੇ ਮਿਤੀ 26.8.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 26-8-2020 ਨੂੰ ਉਕਤ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
1.12.2020

ਮਤਾ ਨੰ: 55

ਵਿਸ਼ਾ :- ਸਿਹਤ ਸ਼ਾਖਾ ਦੀਆਂ ਕੂੜੇ ਦੀਆਂ ਗੱਡੀਆਂ ਦਾ ਭਾਰ ਤੋਲਣ ਸਬੰਧੀ।

ਪੜਿਆ ਨੋਟ ਚੀਫ ਸੈਨੇਟਰੀ ਇੰਸਪੈਕਟਰ ਜਿਸ ਨਾਲ ਸਿਹਤ ਅਫ਼ਸਰ ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਮਾਨਯੋਗ N.G.T. ਵੱਲੋ ਨਗਰ ਨਿਗਮ ਜਲੰਧਰ ਨੂੰ ਰੋਜ਼ਾਨਾ ਕੂੜੇ ਦੇ ਭਾਰ ਕਰਨ ਸਬੰਧੀ ਹਦਾਇਤ ਕੀਤੀ ਗਈ ਹੈ ਅਤੇ ਇਸ ਦੇ ਨਾਲ ਨਾਲ ਹੀ ਹੈਲਥ ਅਤੇ ਸੈਨੀਟੇਸ਼ਨ ਕਮੇਟੀ ਵੱਲੋ ਵੀ ਕੂੜੇ ਦੀ ਗੱਡੀਆਂ ਦਾ ਭਾਰ ਤੋਲਣ ਸਬੰਧੀ ਸਿਫਾਰਿਸ਼ ਕੀਤੀ ਜਾ ਰਹੀ ਹੈ। ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਠੇਕੇਦਾਰ ਵੱਲੋ ਕੂੜਾ ਵਰਿਆਣਾ ਡੰਪ ਤੇ ਭੇਜਣ ਤੋਂ ਪਹਿਲਾਂ ਕੰਡੇ ਉੱਪਰ ਤੋਲਿਆ ਜਾਂਦਾ ਹੈ ਅਤੇ ਠੇਕੇਦਾਰ ਵੱਲੋ ਕੂੜੇ ਦੀਆਂ ਗੱਡੀਆਂ ਦਾ ਤੋਲਣ ਦਾ ਖਰਚਾ ਨਿੱਜੀ ਤੋਰ ਤੇ ਦਿੱਤਾ ਜਾਂਦਾ ਹੈ। ਨਗਰ ਨਿਗਮ ਦੇ ਟਿੱਪਰ, ਰਫਿਊਜ ਕੰਪੈਕਟਰ, ਡੀ.ਪੀ. ਵਹੀਕਲ ਅਤੇ ਟਰਾਲੀਆਂ ਵਰਿਆਣਾ ਡੰਪ ਤੇ ਜਾਂਦੀਆਂ ਹਨ। ਇਹਨਾਂ ਗੱਡੀਆਂ ਦਾ ਤੋਲ ਕਰਣ ਦੀ ਜਰੂਰਤ ਹੈ। ਇਸ ਸਬੰਧ ਵਿੱਚ ਜਲੰਧਰ ਧਰਮ ਕੰਡਾਂ ਐਸੋਸੀਏਸ਼ਨ ਵੱਲੋ ਲਏ ਗਏ ਰੇਟਾਂ ਦੇ ਹਿਸਾਬ ਨਾਲ ਇੱਕ ਸਾਲ ਦਾ ਐਸਟੀਮੇਟ ਤਿਆਰ ਕੀਤਾ ਗਿਆ ਹੈ। ਇਸ ਅਨੁਸਾਰ ਇਕ ਸਾਲ ਦਾ ਰੁਪਏ 48,47,200/- ਦਾ ਖਰਚਾ ਬਣਦਾ ਹੈ। ਨਗਰ ਨਿਗਮ ਜਲੰਧਰ ਵੱਲੋ ਇਸ ਕੰਮ ਵਾਸਤੇ ਟੈਂਡਰ ਲਗਵਾ ਕੇ ਕਰਵਾਇਆ ਜਾਣਾ ਹੈ।ਇਸ ਕੰਮ ਵਾਸਤੇ ਮਾਣਯੋਗ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ।ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 21.7.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 26.7.2020 ਰਾਹੀਂ ਇਸ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ । ਮਾਨਯੋਗ ਮੇਅਰ ਜੀ ਨੇ ਮਿਤੀ 27.7.2020 ਰਾਹੀਂ ਇਸ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਨਗਰ ਨਿਗਮ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 56

Subject :- Agreement with BHARAT SANCHAR NIGAM LIMITED AND MUNICIPAL CORPORATION, JALANDHAR for Providing GPS under e-SBM PALTEFORM for the vehicles of MC, Jalandhar.

ਪੜ੍ਹਿਆ ਨੋਟ ਹੈਲਥ ਅਫਸਰ ਮਿਤੀ 29.5.2020 ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਕੀਤੀ ਹੈ ਕਿ Regarding above subject it is stated that the previous agreement with BSNL has expired in the month of Janurary 2019. This agreement was excuted with BSNL under **SWACHH BHARAT MISSION. As** the SBM has been extended by the Govt. of India and the GPS is required for each and every vehicle of MCJ, a meeting was held with officals of BSNL for the new agreement under the chairmanship of Joint Commissioner (H). It was decided in the meeting that GPS will be provided to all the vehicles with 2 applications with details are as follows :

1. Charges for providing VTS (VEHICLE TACKING SYSTEM) Rs. 1500/- per month.
2. Android mobile app (For capture bin images before and after cleaning etc.) Rs. 83/- per month.
3. Charges for providing citizen complaint management System Rs. 83/- per month.
   Service charges and other taxes extra if applicable. Presently the service tax rate is 14.5%
   The total cost including present taxes per vehicle is calculated as Rs. 1899.24/-
   As per the list provide by different departments of MC Jalandhar, there are 171 vehicles for which above system is required. The total monthly cost for all the vehicles amounts to be Rs. 3,24,770.04/. The BSNL officals has told that the whole amount to be paid in advance as per the instructions of the Govt. The total expenditure for the whole year for 171 vehicle amounts to be Rs. 38,97,240.48/-
   So it is proposed that the expenditure of Rs. 38,97,240.48/- must be approved from the MC House for the execution of the agreement with BSNL.

ਕਮਿਸ਼ਨਰ ਜੀ ਨੇ ਆਪਣੇ ਨੋਟ ਮਿਤੀ 1.6.2020 ਰਾਹੀਂ ਲਿਖਿਆ ਹੈ ਕਿ "May be approved in anticipation of consent of House, so that work order can be given to BSNL. ਮਾਨਯੋਗ ਮੇਅਰ ਜੀ ਨੇ ਮਿਤੀ 9.6.2020 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 57

ਵਿਸ਼ਾ :- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਸੈਕੰਡਰੀ ਡੰਪਾਂ ਤੋਂ ਕੂੜਾ ਚੁੱਕਣ ਲਈ ਗੱਡੀਆਂ/ਮਸ਼ੀਨਰੀ Tipping Fees ਰਾਹੀਂ ਕਿਰਾਏ ਤੇ ਲੈਣ ਸਬੰਧੀ।

ਪੜ੍ਹਿਆ ਦਫਤਰੀ ਨੋਟ ਚੀਫ ਸੈਨੇਟਰੀ ਇੰਸਪੈਕਟਰ ਮਿਤੀ 9.7.2020 ਕਿ ਨਗਰ ਨਿਗਮ ਜਲੰਧਰ ਦੇ ਹੈਲਥ ਐਂਡ ਸੈਨੀਟੇਸ਼ਨ ਸ਼ਾਖਾ ਵਿਖੇ 6 ਪ੍ਰਾਈਵੇਟ ਟਿੱਪਰਾਂ ਅਤੇ 2 ਜੇ.ਸੀ.ਬੀ. ਮਸ਼ੀਨਾਂ ਕਿਰਾਏ ਤੇ ਚੱਲ ਰਹੀਆਂ ਹਨ, ਜਿਸ ਦਾ ਠੇਕਾ ਜਲਦ ਖਤਮ ਹੋ ਜਾਵੇਗਾ। ਨਗਰ ਨਿਗਮ ਵੱਲੋਂ ਕੂੜਾ ਚੁੱਕਣ ਵਾਲੀ ਮਸ਼ੀਨਰੀ ਕਾਫੀ ਪੁਰਾਣੀ ਅਤੇ ਘੱਟ ਹੈ। ਜੇਕਰ ਇਹ ਟਿੱਪਰ/ਜੇ.ਸੀ.ਬੀ. ਕਿਰਾਏ ਤੇ ਨਹੀਂ ਲਏ ਜਾਂਦੇ ਤਾਂ ਸ਼ਹਿਰ ਦੀ ਸਾਫ-ਸਫਾਈ ਕਰਵਾਉਣ ਲਈ ਬਹੁਤ ਮੁਸ਼ਕਿਲ ਆਵੇਗੀ। ਕੌਂਸਲਰ ਸਾਹਿਬਾਨ ਅਤੇ ਆਮ ਜ਼ਨਤਾ ਵੱਲੋਂ ਕੂੜਾ ਚੁਕਣ ਸਬੰਧੀ ਰੋਜਾਨਾ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਹਨ। ਠੇਕੇਦਾਰ ਦੇ 10 ਟਾਇਰੀ ਟਿੱਪਰਾਂ ਵੱਲੋਂ ਘੱਟੋ-ਘੱਟ ਲਗਭਗ 125 ਤੋਂ 130 ਟਨ ਕੂੜਾ ਰੋਜਾਨਾ ਵੱਖ-ਵੱਖ ਸੈਕੰਡਰੀ ਡੰਪਾਂ ਤੋਂ ਚੁਕਿਆ ਜਾਂਦਾ ਹੈ। ਇਸ ਸਮੇਂ ਨਗਰ ਨਿਗਮ ਵਲੋ 404/- ਪ੍ਰਤੀ ਟਨ ਦੀ ਟਿਪਿੰਗ ਫੀਸ ਦੇ ਹਿਸਾਬ ਨਾਲ ਵੱਖ-ਵੱਖ ਸੈਕੰਡਰੀ ਡੰਪਾਂ ਤੋ ਠੇਕੇਦਾਰ ਵਲੋ ਕੂੜਾ ਚੁਕਿਆ ਜਾ ਰਿਹਾ ਹੈ। ਇਸ ਤੋ ਪਹਿਲਾ ਨਗਰ ਨਿਗਮ ਜਲੰਧਰ ਵਿਖੇ 2014 ਵਿੱਚ JITF ਕੰਪਨੀ ਵੱਲੋਂ 315/-ਰੁ. per ton tipping fees ਰਾਹੀਂ ਵੱਖ-ਵੱਖ ਸੈਕੰਡਰੀ ਡੰਪਾਂ ਤੋਂ ਕੂੜਾ ਚੁਕਦੀ ਰਹੀ ਹੈ। ਟਿਪਿੰਗ ਫੀਸ ਦੇ ਹਿਸਾਬ ਨਾਲ ਸਿਰਫ ਅਤੇ ਸਿਰਫ ਕੂੜੇ ਨੂੰ ਸ਼ਹਿਰ ਦੇ ਡੰਪਿੰਗ ਪੁਆਇੰਟ ਤੋਂ ਚੁਕ ਕੇ ਧਰਮਕੰਡਾ ਤੋਂ ਤੋਲ ਕੇ ਵਰਿਆਣਾ ਡੰਪ ਤੇ ਲੈ ਜਾਣਾ ਹੁੰਦਾ ਹੈ ਅਤੇ ਇਸ ਨਾਲ ਰੋਜਾਨਾ ਬਿਲ ਦੇਖਿਆ ਜਾ ਸਕਦਾ ਹੈ। ਜਿਸ ਨੂੰ ਮੇਨਟੇਨ ਕਰਨਾ ਬਹੁਤ ਹੀ ਆਸਾਨ ਹੈ।ਹੁਣ ਫਿਰ ਇਸ ਟਿਪਿੰਗ ਫੀਸ ਦੇ ਹਿਸਾਬ ਨਾਲ ਠੇਕਾ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਟਿਪਿੰਗ ਫੀਸ ਵਾਸਤੇ ਦੋ Analysis ਦਿੱਤੇ ਗਏ ਹਨ। Analysis ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

Analysis-I

For the cost of tipping fees to be paid to the contractor for C&T from Different SCPs within the limit of the MC Jalandhar.

(**Analysis made on the basis of rent of the existing machinery and O&M Cost of the machinery) maintained by the contractor.**

(A) Type of Machinery

1. No. of tipper 6 (10 tyers) 14.5 Cum capacity
   No. of JCB 2 (3 DX)

(B) Tonage of Garbage to be lifted per year

6 Tipper x 7.5 ton per day x 3trip = 135 ton per day
135 ton per day x 30 days = 4050 ton per month
4050 ton per month x 12 month = **48600** ton per year

(C) Diesel consumption per year

40 lt per tipper x 6 tipper = 240 lt per day
40 lt per JCB x 2 JCB = 80 lt
320 lt per day

320 lt per day x 65/- lt x 365 days = **7592000/-**

(D) Rent for the Machinery (6 Tipper + 2 JCBs per year)

2. 4400 per tipper x 6 = 26400/-
   3300 per JCB x 2 = 6600/-
   33000/-per day
   33000 x 365 days = 1,20,45000/-

(E) Total Expenditure for Diesel and Rent of machinery for one year
7592000 + 1,20,45,000 = Rs. 1,96,37,000/-

(F) Tipping fees per ton
7592000 + 82, 80,000 = 1,96,37,000 }
48600 } = 404/- per ton tipping fees

Analysis-II

For the cost of tipping fees to the paid to the contractor for C&T from Different SCPs within the limit of the MC Jalandhar.

(**Analysis made from the CSR rates of the machinery)**

(A) Type of Machinery

No. of tipper 6 (10 tyers) 14.5 Cum copesty
No. of JCB 2 (3 DX)

(B) Tonage of Garbage to be lifted per year

6 Tipper x 7.5 ton per day x 3trip = 135 ton per day
135 ton per day x 30 days = 4050 ton per month
4050 ton per month x 12 month = **48600** ton per year

(C) **CSR Rates**

1. "CSR rate of 5.5 Cum Tipper = 300 per hour"
   14.5 Cum Tipper = 790 per hour
   13% premium on 790/- = 102/-
   790+102= 892/- per hr.
   6 tipper x 8 hr x 892 per hr= 42816/- per day.
   42816 x 365 days = **15,627,840/-**

2. 2 JCB (3DX) x 8hr x 500 per hr = 8000/- per day
   2 JCB x 365 days x 8000/- = **58, 40,000/-**

(D) Total Cost of CSR Rates

15627840 + 5840000 =21467840/-

(E) Tipping fees per ton

15627840 + 5840000 = 21467840/- } 441.72/- per ton tipping fees
48600

Analysis-1 ਦੇ ਹਿਸਾਬ ਨਾਲ Tipping Fees 404/–ਰੁਪਏ ਪ੍ਰਤੀ ਟਨ ਬਣਦੀ ਹੈ।

Analysis-II ਦੇ ਹਿਸਾਬ ਨਾਲ Tipping Fees 441.72/–ਰੁਪਏ ਪ੍ਰਤੀ ਟਨ ਬਣਦੀ ਹੈ।

ਇਸ ਤਰ੍ਹਾਂ Analysis-1 ਦੀ Tipping Fees 404/–ਰੁਪਏ ਪ੍ਰਤੀ ਟਨ ਅਤੇ Analysis-II ਦੀ Tipping Fees 441.72/–ਰੁਪਏ ਨਾਲੋਂ ਘੱਟ ਹੈ।ਇਸ ਕਰਕੇ Analysis-1 ਦੇ ਹਿਸਾਬ ਨਾਲ ਹੇਠ ਲਿਖੇ ਅਨੁਸਾਰ ਐਸਟੀਮੇਟ ਤਿਆਰ ਕੀਤਾ ਜਾ ਰਿਹਾ ਹੈ।

Estimate on the basis of Analysis-1

6 Tipper x 7 ton per tipper × 3 trips = 126 ton per day
126 ton× @Rs 404/- Ton Tipping Fees = 50904/- per day
50904/– Per day x 365 days = Rs.1,85,79,960/-

ਇਹ ਅਤਿ ਜਰੂਰੀ ਕੰਮ ਹੈ ਅਤੇ ਇਸ ਨਾਲ ਸ਼ਹਿਰ ਵਿੱਚ ਕੂੜੇ ਦੀ ਸਾਂਭ ਸੰਭਾਲ ਕੀਤੀ ਜਾਣੀ ਹੈ। ਇਹ ਕੰਮ ਨਾ ਕਰਨ ਨਾਲ ਸ਼ਹਿਰ ਦੀ ਸਿਹਤ ਸਬੰਧੀ ਸੇਵਾਵਾਂ ਤੇ ਮਾੜਾ ਅਸਰ ਪੈ ਸਕਦਾ ਹੈ।ਕੂੜਾ ਚੁੱਕਣ ਵਾਲੀਆਂ ਗੱਡੀਆਂ ਨੂੰ 404/–ਰੁਪਏ ਪ੍ਰਤੀ ਟਨ Tipping Fees ਰਾਹੀਂ Analysis-1 ਦੇ ਅਨੁਸਾਰ ਰੁਪਏ 1,85,79,960/- ਦੀ ਤਜਵੀਜ ਕੀਤੀ ਜਾਂਦੀ ਹੈ ।ਇਹ ਕੰਮ ਈ.ਟੈਂਡਰ ਰਾਹੀਂ ਕੀਤਾ ਜਾਣਾ ਹੈ ਅਤੇ ਕੰਮ ਵਾਸਤੇ ਮਾਨਯੋਗ ਹਾਊਸ ਦੀ ਮੰਜੂਰੀ ਲੋੜੀਂਦੀ ਹੈ। ਸਹਾਇਕ ਸਿਹਤ ਅਫਸਰ ਇਸ ਕੰਮ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਦੀ ਸ਼ਿਫਾਰਸ਼ ਕੀਤੀ । ਸਿਹਤ ਅਫਸਰ ਨੇ ਮਿਤੀ 9.7.2020 ਰਾਹੀਂ ਲਿਖਿਆ ਹੈ ਕਿ ਨਗਰ ਨਿਗਮ ਵਿਚ ਟਿੱਪਰ ਪੁਰਾਣੇ ਅਤੇ ਸਮੇਂ ਸਿਰ ਕੰਮ ਪੂਰਾ ਕਰਨ ਲਈ ਘੱਟ ਹਨ। ਇਸ ਕੰਮ ਵਾਸਤੇ ਪਿਛਲੇ 2 ਸਾਲ ਤੋਂ ਟੈਂਡਰ ਲਗਾਏ ਜਾ ਰਹੇ ਹਨ ਅਤੇ ਕੰਮ ਕੀਤਾ ਜਾ ਰਿਹਾ ਹੈ। ਜਿਸ ਸਮੇਂ ਤੱਕ ਨਗਰ ਨਿਗਮ ਵਲੋਂ ਨਵੇਂ ਟਿੱਪਰ ਨਹੀਂ ਲਏ ਜਾਂਦੇ ਇਹ ਕੰਮ ਕਿਰਾਏ ਤੇ ਕੀਤਾ ਜਾ ਸਕਦਾ ਹੈ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 9.7.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 14.7.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 14.7.2020 ਰਾਹੀਂ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਪ੍ਰਵਾਨਗੀ ਦਿੱਤੀ ਹੈ ।

ਤਜਵੀਜ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 58

Sub:- Regarding 50% enhancement of work of heavy earth moving machinery (Dozer) working at Waryana Dump Site.

ਪੜ੍ਹਿਆ ਨੋਟ ਸਿਹਤ ਸ਼ਾਖਾ ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 13.5.2020 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ M/s. Kriti Construction Earth Movers ਵਲੋਂ ਵਰਿਆਣਾ ਡੰਪ ਤੇ ਦੋ ਡੋਜਰ ਮਸ਼ੀਨਾਂ ਚੱਲ ਰਹੀਆਂ ਹਨ। ਇਸ ਕੰਮ ਦਾ ਵਰਕ ਆਰਡਰ ਮਿਤੀ 31-01-2019 ਨੂੰ ਇਸ਼ੂ ਕੀਤਾ ਗਿਆ ਸੀ ਇਹ ਕੰਮ ਇੱਕ ਸਾਲ ਦਾ ਸੀ ਅਤੇ ਇਹ ਕੰਮ ਮਿਤੀ 31-01-2020 ਨੂੰ ਖਤਮ ਹੋ ਗਿਆ ਸੀ। ਇਹ ਕੰਮ ਸ਼ਹਿਰ ਦੀ ਸਿਹਤ ਸੰਭਾਲ ਲਈ ਅਤਿ ਜਰੂਰੀ ਕੰਮ ਹੈ ਅਤੇ ਇਸ ਲਈ ਇਸ ਕੰਮ ਦੀ ਮੰਜੂਰੀ ਕਮਿਸ਼ਨਰ ਜੀ ਤੋਂ 10% ਵਾਧਾ ਕਰਨ ਲਈ ਮਿਤੀ 27-01-2020 ਨੂੰ ਲੈ ਲਈ ਗਈ ਸੀ ਅਤੇ ਇਹ 10% ਵਾਧੇ ਦੀ ਮੰਜੂਰੀ ਮਾਰਚ ਦੇ ਪਹਿਲੇ ਹਫਤੇ ਹੀ ਖਤਮ ਹੋ ਗਈ ਸੀ। ਇਸ ਕਰਕੇ ਇਸ ਅਤਿ ਜਰੂਰੀ ਕੰਮ ਦਾ 15% ਦਾ ਹੋਰ ਵਾਧਾ ਕਮਿਸ਼ਨਰ ਜੀ ਅਤੇ ਸੰਯੁਕਤ ਕਮਿਸ਼ਨਰ ਵਲੋਂ ਮਾਨਯੋਗ ਮੇਅਰ ਜੀ ਨਾਲ ਗਲਬਾਤ ਕਰਕੇ ਮਿਤੀ 6-03-2020 ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ਸੀ ਅਤੇ ਇਹ ਕੰਮ ਵੀ ਮਿਤੀ 29-04-2020 ਨੂੰ ਖਤਮ ਹੋ ਗਿਆ ਸੀ।

ਇਥੇ ਇਹ ਦੱਸਣਾ ਅਤਿ ਜਰੂਰੀ ਹੈ ਕਿ ਇਸ ਕੰਮ ਲਈ ਨਵੇਂ ਟੈਂਡਰ ਲਗਾਉਣ ਸਬੰਧੀ ਹਾਊਸ ਦੀ ਲੋੜੀਦੀ ਮੰਜੂਰੀ ਹਾਊਸ ਦੀ ਮੀਟਿੰਗ ਨਾ ਹੋਣ ਕਾਰਨ ਮਿਤੀ 07-01-2020 ਨੂੰ ਹਾਊਸ ਦੀ ਪੂਰਵ ਪ੍ਰਵਾਨਿਗੀ ਦੀ ਆਸ ਤੇ ਮੰਜੂਰੀ ਮਾਨਯੋਗ ਮੇਅਰ ਜੀ ਵਲੋਂ ਦਿੱਤੀ ਗਈ ਇਸ ਕੰਮ ਦੇ ਟੈਡਰ SE(O&M) ਵਲੋਂ ਲਗਾਏ ਜਾਂਦੇ ਹਨ। ਉਹਨਾਂ ਵਲੋਂ ਇਹ ਟੈਂਡਰ ਪਹਿਲੀ ਵਾਰ 17-01-2020 ਨੂੰ ਲਗਾਏ ਗਏ ਅਤੇ ਇਹ ਟੈਂਡਰ ਮਿਤੀ 07-02-2020 ਨੂੰ ਖੋਲ ਦਿੱਤੇ ਗਏ। ਇਹ ਕੰਮ Technical bid Qualify ਨਾ ਹੋਣ ਕਰਕੇ ਇਸ ਦੇ ਟੈਂਡਰ ਦੋਬਾਰਾ ਦੂਜੀ ਵਾਰ ਮਿਤੀ 15-02-2020 ਨੂੰ ਲਗਾਏ ਗਏ ਅਤੇ ਮਿਤੀ 02-03-2020 ਨੂੰ ਖੋਲੇ ਜਾਣੇ ਸਨ। ਪਰ ਇਸ ਕੰਮ ਲਈ ਕੋਰੀਜੰਡਮ ਲਗਾਇਆ ਗਿਆ ਕਿ ਜਿਸ ਨਾਲ ਕਿ ਇੱਕ ਹਫਤੇ ਦਾ ਹੋਰ ਵਾਧਾ ਕੀਤਾ ਗਿਆ ਇਸ ਤਰ੍ਹਾ ਇਹ ਟੈਂਡਰ ਮਿਤੀ 09-03-2020 ਨੂੰ ਖੋਲੇ ਜਾਣੇ ਸਨ। ਮਿਤੀ 17-03-2020 ਨੂੰ Financial bid ਖੋਲਣ ਤੋਂ ਬਾਅਦ ਇਸ ਕੰਮ ਦੀ Financial bid ਦੀ ਮੰਜੂਰੀ ਲਈ ਚੀਫ ਇੰਜੀਨੀਅਰ ਜੀ ਦੇ ਚੰਡੀਗੜ੍ਹ ਦਫਤਰ ਵਿਖੇ ਫਾਇਲ ਭੇਜੀ ਗਈ।

ਮਿਤੀ 23-03-2020 ਨੂੰ Covid-19 ਦੀ ਮਹਾਂਮਾਰੀ ਕਾਰਨ ਚੰਡੀਗੜ ਤੋਂ ਇਹ ਫਾਇਲ ਉਹਨਾਂ ਵੱਲੋਂ ਨਹੀਂ ਭੇਜੀ ਗਈ ਅਤੇ ਨਗਰ ਨਿਗਮ ਜਲੰਧਰ ਵੱਲੋਂ ਨਿੱਜੀ ਤੋਰ ਤੇ ਜਾ ਕੇ ਮਿਤੀ 08-05-2020 ਹੱਥ ਦਸਤੀ ਫਾਇਲ ਲੈ ਲਈ ਗਈ। ਅਗਲੇਰੀ ਕਾਰਵਾਈ ਕਰਨ ਵਾਸਤੇ SE(O&M) ਵੱਲੋਂ ਦੱਸਿਆ ਗਿਆ ਹੈ ਕਿ ਚੰਡੀਗੜ ਤੋਂ ਜਿਹੜੀ ਮੰਜੂਰੀ ਆਈ ਹੈ ਉਸ ਵਿੱਚ ਨਗਰ ਨਿਗਮ ਜਲੰਧਰ ਵੱਲੋਂ ਭੇਜੀ ਗਈ ਐਸਟੀਮੇਟਿਡ ਨੂੰ ਘਟਾਇਆ ਗਿਆ ਹੈ ਅਤੇ Financial Bid ਤੋਂ ਬਾਅਦ ਠੇਕੇਦਾਰ ਦੀ ਬੀਡ ਅਮਾਉਂਟ ਤੋਂ ਵਧਾਇਆ ਗਿਆ ਹੈ। ਜਿਸ ਕਾਰਨ ਇਸ ਦਾ ਸਪੱਸ਼ਟੀਕਰਨ ਫਿਰ ਵੀ ਇੰਜੀਨਿਅਰ ਜੀ ਦੇ ਚੰਡੀਗੜ ਦਫਤਰ ਤੋਂ ਲੈਣਾ ਪੈਣਾ ਹੈ। ਇਸ ਕਰਕੇ ਚੰਡੀਗੜ ਦੀ ਮੰਜੂਰੀ ਤੋਂ ਬਾਅਦ ਅਤੇ ਉਸ ਤੋਂ ਬਾਅਦ F&CC ਦੀ ਮੰਜੂਰੀ ਤੋ ਬਾਅਦ ਇਸ ਕੰਮ ਦਾ ਵਰਕ ਹੋ ਸਕਦਾ ਹੈ।

ਇਸ ਵੇਲੇ ਵਰਿਆਣਾ ਡੰਪ ਦੇ ਕੂੜੇ ਦੇ ਹਾਲਾਤ ਠੀਕ ਕਰਨ ਵਾਸਤੇ ਟਿੱਪਰ ਡਰਾਇਵਰਾਂ ਵੱਲੋਂ ਦੋ ਡੋਜਰ ਮਸ਼ੀਨਾਂ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਉਹਨਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਜੇ.ਸੀ.ਬੀ. ਮਸ਼ੀਨਾਂ ਨਾਲ ਵੀ ਵਰਿਆਣਾ ਡੰਪ ਦੇ ਕੂੜੇ ਦੇ ਹਾਲਾਤ ਠੀਕ ਨਹੀਂ ਹੋ ਰਹੇ ਹਨ ਅਤੇ ਕੰਮ ਬੰਦ ਕਰਨ ਦੀ ਸਥਿਤੀ ਪੈਦਾ ਹੋ ਗਈ ਹੈ ਇਸ ਲਈ ਤਜਵੀਜ ਹੈ ਕਿ ਇਸ ਦਾ 50% ਕੰਮ ਦਾ ਵਾਧਾ ਸਰਕਾਰ ਤੋਂ ਮੰਜੂਰ ਕਰਵਾ ਲਿਆ ਜਾਵੇ ਅਤੇ ਚੀਫ ਇੰਜੀਨੀਅਰ ਜੀ ਵਲੋਂ ਹਾਊਸ ਵਲੋਂ ਪਹਿਲਾ ਤੋਂ ਪ੍ਰਵਾਨਤ ਨਵੇ ਕੰਮ ਦੀ ਮਨਜੂਰੀ ਆਉਂਦੇ ਹੀ ਉਸ ਨਵੇ ਠੇਕੇਦਾਰ ਨੂੰ ਵਰਕ ਆਰਡਰ ਦੇ ਦਿੱਤਾ ਜਾਵੇ ਅਤੇ 50% ਵਾਧੇ ਵਾਲਾ ਕੰਮ ਤੁਰੰਤ ਬੰਦ ਕਰ ਦਿੱਤਾ ਜਾਵੇ। ਇਸ ਕਰਕੇ ਇਸ ਅਤਿ ਜਰੂਰੀ ਕੰਮ ਲਈ 50% ਤੱਕ ਸਰਕਾਰ ਵਾਧੇ ਦੀ ਮੰਜੂਰੀ ਦਿੱਤੀ ਜਾਵੇ ਤਾਂ ਜ਼ੋ ਸ਼ਹਿਰ ਵਿੱਚ ਕੂੜੇ ਦੀ ਸਾਂਭ ਸੰਭਾਲ ਦਾ ਕੰਮ ਇਸ Covid -19 ਮਹਾਂਮਾਰੀ ਦੌਰਾਨ ਬਿਨਾਂ ਰੁਕਾਵਟ ਤੋਂ ਚਲਦਾ ਰਹੇ। ਕਮਿਸ਼ਨਰ ਜੀ ਨੇ ਮਿਤੀ 13.5.2020 ਰਾਹੀਂ ਉਕਤ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਮੰਜੂਰ ਕਰਨ ਹਿਤ ਲਿਖਿਆ ਹੈ। ਮਾਨਯੋਗ ਮੇਅਰ ਜੀ ਨੇ ਮਿਤੀ 25-5-2020 ਨੂੰ ਉਕਤ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 59

ਵਿਸ਼ਾ:– k-30/20 Bio k-10/SP Fogging machines ਦੀ ਸਰਵਿਸ, ਰਿਪੇਅਰ ਤੇ ਸਾਲਾਨਾ ਮੇਂਨਟੀਨੈਂਸ ਸਬੰਧੀ ।

ਪੜ੍ਹਿਆ ਨੋਟ ਸੈਨੇਟਰੀ ਇੰਸਪੈਕਟਰ ਜਿਸ ਦੀ ਸ਼ਿਫਾਰਸ਼ ਸਿਹਤ ਅਫਸਰ ਨੇ ਕੀਤੀ ਹੈ ਕਿ k-30/20 Bio k-10/SP Fogging machines ਪਿਛਲੇ 6–7 ਸਾਲਾਂ ਤੋਂ ਸਰਵਿਸ ਅਤੇ ਰਿਪੇਅਰ ਨਹੀਂ ਹੋਈਆਂ ਹਨ।ਇਹਨਾਂ ਮਸ਼ੀਨਾ ਦੀ ਸਰਵਿਸ ਅਤੇ ਰਿਪੇਅਰ ਦਾ ਐਸਟੀਮੇਟ Puls Fog ਕੰਪਨੀ ਦੇ Royal Tradelinks Pvt. LTD ਤੋਂ ਬਣਵਾਇਆ ਗਿਆ ਹੈ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ :

Sr. No.	Machine Model	Machine Serial No.	Estimate No.	Estimate Date	Amount
1	K-30/20-Bio	0985	E/20/096	13/07/2020	49,612.00
2	K-30/20-Bio	0987	E/20/097	13/07/2020	48,739.00
3	K-30/20-Bio	0981	E/20/098	13/07/2020	49,593.00
4	K-30/20-Bio	0978	E/20/099	13/07/2020	1,82,340.00
5	K-30/20-Bio	0983	E/20/100	13/07/2020	178094.00
6	K-10/Sp	NA	E/20/101	13/07/2020	48,876.00
				Total	**557254/-**

ਇਸ ਕੰਪਨੀ ਵਲੋਂ ਛੇ ਮਸ਼ੀਨਾਂ ਦਾ ਕੁੱਲ ਖਰਚ 5,57,254/– ਦੱਸਿਆਂ ਗਿਆ ਹੈ ।ਕਿਉਕਿ ਇਹ Royal Tradelinks Pvt. LTD Authorised dealer ਹੈ ਅਤੇ ਇਸ ਦਾ ਦਫਤਰ ਦਿੱਲੀ ਵਿਖੇ ਹੈ ਅਤੇ ਇਸ ਦਾ Authorised ਜਲੰਧਰ ਤੇ ਪੰਜਾਬ ਵਿੱਚ ਨਹੀਂ ਹੈ। ਇਸ ਕਰਕੇ ਇਸ ਕੰਪਨੀ ਤੋਂ ਹੀ ਇਸ ਦਾ ਐਸਟੀਮੇਂਟ ਬਣਵਾਇਆ ਗਿਆ ਹੈ।ਇਸ ਐਸਟੀਮੇਟ ਦੀ ਕਾਪੀ ਭੇਜੀ ਹੈ। ਇਹਨਾਂ ਮਸ਼ੀਨਾਂ ਦੀ ਸਰਵਿਸ ਅਤੇ ਰਿਪੇਅਰ ਦਾ ਕੁੱਲ ਖਰਚ 5,57,254/– ਰੁਪਏ Royal Tradelinks Pvt. LTD ਤੋਂ ਸਰਵਿਸ ਰਿਪੇਅਰ ਕਰਵਾਉਣ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ।ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 21.7.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 23.7.2020 ਰਾਹੀਂ ਲਿਖਿਆ ਹੈ ਕਿ Why can't we have AMC for these machines in furture?. ਜਿਸ ਤੇ ਸਿਹਤ ਅਫ਼ਸਰ ਨੇ ਮਿਤੀ 7.8.2020 ਰਾਹੀਂ ਲਿਖਿਆ ਹੈ ਕਿ The company has sent the comprehensive maintenance charges (CMC) for five fogging machines (K-30/20-Bio) for which the terms and conditions are attached with the proposal. These are 5 machines and costs Rs. 8,15,262/- for CMC only, the total cost comes to Rs. 8,64,138/-. (The CMC for K-10/SP has not been given by the company). The proposal for 5 machnes K-30/20-Bio and service/repair proposal for K-10/SP. ਸੰਯੁਕਤ ਕਮਿਸ਼ਨਰ ਨੇ ਮਿਤੀ 4.9.2020 ਰਾਹੀਂ ਮਾਨਯੋਗ ਮੇਅਰ/ਕਮਿਸ਼ਨਰ ਜੀ ਦੇ ਨਾਲ ਹੋਏ ਵਿਚਾਰ ਉਪਰੰਤ ਇਸ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕਰਨ ਦੀ ਸਿਫਾਰਸ਼ ਕੀਤੀ ਹੈ ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 7.9.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 10.9.2020 ਰਾਹੀਂ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕਰਨ ਦੀ ਪ੍ਰਵਾਨਗੀ ਦਿੱਤੀ ਹੈ ।

ਤਖ਼ਮੀਨਾ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 60

ਵਿਸ਼ਾ:- ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮਪਿਊਟਰ ਦੇ ਨਾਲ ਲੱਗੇ ਲੇਜਰ ਪ੍ਰਿੰਟਰ ਦੇ ਟੋਨਰ ਇੰਕ ਰਿਫਿਲ ਅਤੇ ਕੰਮਪਿਊਟਰ, ਪ੍ਰਿੰਟਰ ਅਤੇ ਯੂ .ਪੀ .ਐਸ ਰਿਪੇਅਰ ਆਦਿ ਕਰਨ ਸਬੰਧੀ ਸਾਲਾਨਾ ਖਰਚ ਦੀ ਤਜਵੀਜ।

ਤਖਮੀਨਾ ਰੁਪਏ: 4 ਲੱਖ (ਟੈਕਸ ਵੱਖਰਾ)

ਪੜ੍ਹਿਆਂ ਨੋਟ ਸਿਸਟਮ ਮੈਨੇਜਰ ਮਿਤੀ: 3.11.2020 ਕਿ ਉਪਰੋਕਤ ਵਿਸ਼ੇ ਅਧੀਨ ਲਿਖਿਆਂ ਜਾਂਦਾ ਹੈ ਕਿ ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮਪਿਊਟਰ ਦੇ ਨਾਲ ਲੇਜਰ ਪ੍ਰਿੰਟਰ ਅਤੇ ਯੂ .ਪੀ .ਐਸ ਲੱਗੇ ਹੋਏ ਹਨ।ਜਿਸ ਤੇ ਵਿਭਾਗਾਂ ਵੱਲੋ ਦਫਤਰੀ ਕੰਮ ਸਬੰਧੀ ਕੰਮਪਿਊਟਰਾਇਜਡ ਪ੍ਰਿੰਟਆਉਟ ਕੱਢੇ ਜਾਂਦੇ ਹਨ।ਇਹਨਾਂ ਵਿਭਾਗਾ ਵੱਲੋ ਵੱਖ-ਵੱਖ ਸਮੇਂ ਤੇ ਇਹਨਾਂ ਕੰਮਪਿਊਟਰ, ਪ੍ਰਿੰਟਰ ਅਤੇ ਯੂ .ਪੀ .ਐਸ ਨੂੰ ਰਿਪੇਅਰ/ਟੋਨਰ ਰੀਫਿਲ ਕਰਨ ਦੀ ਮੰਗ ਕੰਮਪਿਊਟਰ ਸੈਲ ਨੂੰ ਕੀਤੀ ਜਾਂਦੀ ਹੈ। ਕੰਮਪਿਊਟਰ ਸੈਲ ਵੱਲੋ ਵਿਭਾਗਾਂ ਦੀ ਮੰਗ ਅਨੁਸਾਰ ਇਹਨ੍ਹਾਂ ਪ੍ਰਿੰਟਰਾਂ ਦੇ ਟੋਨਰ ਨੂੰ ਰਿਫਿਲ ਅਤੇ ਕੰਮਪਿਊਟਰ, ਪ੍ਰਿੰਟਰ ਅਤੇ ਯੂ .ਪੀ .ਐਸ ਰਿਪੇਅਰ ਆਦਿ ਦਾ ਕੰਮ ਕਰਵਾਇਆ ਜਾਂਦਾ ਹੈ।ਨਗਰ ਨਿਗਮ ਵਿਖੇ ਲਗਭਗ 95 ਕੰਮਪਿਊਟਰ ਸਮੇਤ ਪ੍ਰਿੰਟਰ ਅਤੇ ਯੂ .ਪੀ .ਐਸ ਲੱਗੇ ਹੋਏ ਹਨ।ਜਿਨ੍ਹਾਂ ਵਿੱਚੋ ਤਕਰੀਬਨ ਹਰ ਮਹਿਨੇ 45 ਤੋਂ 50 ਪ੍ਰਿੰਟਰ ਦੇ ਟੋਨਰਾਂ ਦੀ ਰਿਫਿਲ/ਰਿਪੇਅਰ ਆਦਿ ਦਾ ਕੰਮ ਕਰਵਾਈਆ ਜਾਂਦਾ ਹੈ, ਜਿਸ ਦਾ ਅੰਦਰਾਜ ਵਿਭਾਗਾਂ ਦੀ ਡਿਮਾਂਡ ਰਿਫਿਲ/ਰਿਪੇਅਰ ਕੰਮਪਿਊਟਰ ਸੈਲ ਦੇ ਰਿਪੇਅਰ ਰਜਿਸਟਰ ਵਿੱਚ ਅੰਦਰਾਜ ਕੀਤਾ ਜਾਂਦਾ ਹੈ ।

ਇਸ ਸਬੰਧੀ ਨਗਰ ਨਿਗਮ ਜਲੰਧਰ ਦੇ ਹਾਊਸ ਦੇ ਮਤਾ ਨੰ: 128 ਮਿਤੀ: 18.10.2018 ਰਾਹੀਂ ਪ੍ਰਵਾਨ ਕੀਤਾ ਗਿਆ ਸੀ।ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਦੇ ਪੱਤਰ ਨੰ: ਸ5-ਡਸਸ-ਮਸਸ-18/62736 ਮਿਤੀ: 02.11.2018 ਰਾਹੀਂ ਮਨਜੂਰੀ ਦਿਤੀ ਗਈ ਸੀ। ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 115 ਮਿਤੀ: 25.7.2019 ਰਾਹੀਂ ਪ੍ਰਵਾਨ ਉਪਰੋਕਤ ਸਬੰਧੀ ਕੰਮ ਕਰਨ ਲਈ ਤਿੰਨ ਵਾਰੀ ਟੈਂਡਰ ਮੰਗੇ ਗਏ ਸਨ ਤੀਸਰੀ ਵਾਰ ਵੀ ਸਿੰਗਲ ਟੈਂਡਰ ਆਉਣ ਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਟੈਂਡਰ ਪਾਉਣ ਵਾਲੀ ਕੰਪਨੀ ਨੂੰ ਟੈਂਡਰ ਦਿਤਾ ਗਿਆ ਸੀ, ਜ਼ੋ ਕਿ ਮਿਤੀ: 30.11.2020 ਨੂੰ ਖਤਮ ਹੋਣਾ ਹੈ।

ਪਿਛਲੇ ਪ੍ਰਸਤਾਵ ਦੀ ਲਗਾਤਾਰਤਾਂ ਵਿੱਚ ਅਗਲੀ ਤਜਵੀਜ ਤਿਆਰ ਕੀਤੀ ਗਈ ਹੈ, ਉੱਕਤ ਕੰਮ ਕਰਵਾਉਣ ਲਈ ਸਾਲਾਨਾ ਖਰਚ ਦੀ ਤਜਵੀਜ ਬਣਾਈ ਗਈ ਹੈ । ਮਾਰਕੀਟ ਵਿੱਚੋ ਸਾਲਾਨਾ ਟੋਨਰ ਰਿਫਿਲ/ਪ੍ਰਿੰਟਰ ਰਿਪੇਅਰ ਆਦਿ ਕਰਨ ਲਈ ਕੁਟੇਸ਼ਨਾ ਲੈ ਕੇ ਤਖਮੀਨਾ ਤਿਆਰ ਕੀਤਾ ਗਿਆ।

ਇਹ ਇੱਕ Emergerncy/ Urgent-nature ਕੰਮ ਹੈ।ਇਸ ਲਈ ਬਾਰ-ਬਾਰ ਟੈਂਡਰ ਪ੍ਰੀਕ੍ਰਿਆ ਅਪਣਾਉਣ ਦੀ ਬਜਾਏ "The services /arrangement will be initially for the one year which can be extended upto two more years after one year with the consent of both the parties with same estimate /T&C". ਇਸ ਸ਼ਰਤ ਤੇ ਪਾਸ ਕੀਤਾ ਜਾ ਸਕਦਾ ਹੈ।ਉਪਰੋਕਤ ਸਾਲਾਨਾ ਤਖਮੀਨਾ ਰੁਪਏ: 3,99,000/- (ਟੈਕਸ ਵੱਖਰਾ) ਦਾ ਬਣਾਇਆ ਗਿਆ ਹੈ। ਇਸ ਕੰਮ ਤੇ ਲਗਭਗ 3.99 ਲੱਖ ਰੁਪਏ ਖਰਚਾ (ਟੈਕਸ ਵੱਖਰਾ) ਆਉਣ ਦੀ ਸੰਭਾਵਨਾ ਹੈ। ਇਥੇ ਇਹ ਵੀ ਦੱਸਣਯੋਗ ਹੋਵੇਗਾ ਕਿ ਨਗਰ ਨਿਗਮ ਦੇ ਬਜਟ ਸਾਲ 2020-21 ਵਿੱਚ ਵੀ ਕੰਮਪਿਊਟਰਾਈਜੇਸ਼ਨ ਤੇ ਖਰਚਾ ਕਰਨ ਦਾ ਉਪਬੰਧ ਕੀਤਾ ਹੋਇਆ ਹੈ।

ਉਕਤ ਕੰਮ ਟੈਂਡਰ ਪ੍ਰਕੀਰਿਆ ਅਪਣਾਉਂਦੇ ਹੋਏ ਕਿਸੇ ਇੰਨਫਰਮੇਸ਼ਨ ਟੈਕਨਾਲਜੀ ਨਾਲ ਸਬੰਧਤ ਕੰਪਨੀ ਪਾਸੋਂ ਹੀ ਕਰਵਾਇਆ ਜਾਵੇਗਾ। ਇਸ ਲਈ ਉਕਤ ਕੰਮ ਕਰਨ ਲਈ ਜਿਸ ਤੇ ਖਰਚਾ ਲਗਭਗ 4 ਲੱਖ ਰੁਪਏ (ਟੈਕਸ ਵੱਖਰਾ) ਦੀ ਤਜਵੀਜ ਨਗਰ ਨਿਗਮ ਹਾਊਸ ਦੀ ਬੈਠਕ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। ਸੰਯੁਕਤ ਕਮਿਸ਼ਨਰ (ਈ) ਵੱਲੋ ਮਿਤੀ: 3.11.2020 ਨੂੰ ਤਜਵੀਜ ਹਾਉਸ ਵਿੱਚ ਰੱਖਣ ਲਈ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ: 10.11.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ: 16.11.2020 ਰਾਹੀਂ ਤਜਵੀਜ ਹਾਉਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 61

ਵਿਸ਼ਾ:- Extension in time limit for the work of Operation & Management of Corporation Facilitation Centre(CFC) in Zonal Offices and Suvidha Centre of Municipal Corporation Jalandhar ਸਬੰਧੀ।

ਪੜਿਆ ਨੋਟ ਸਿਸਟਮ ਮੈਨੇਜਰ ਮਿਤੀ: 20.05.2020 ਵੱਲੋ ਨਗਰ ਨਿਗਮ ਜਲੰਧਰ ਵੱਲੋਂ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 73 ਮਿਤੀ: 30-5-2019 ਰਾਹੀਂ **Operation & Management of Corporation Facilitation Centre(CFC) in Zonal Offices and Suvidha Centre of Municipal Corporation Jalandhar ਸਬੰਧੀ** ਮਤਾ ਪ੍ਰਵਾਨ ਕੀਤਾ ਗਿਆ। ਕੰਪਨੀ ਨੂੰ ਸੰਯੁਕਤ ਕਮਿਸ਼ਨਰ ਜੀ ਦੇ ਪੱਤਰ ਨੰ:1/sm/comp ਮਿਤੀ: 31.5.2019 ਰਾਹੀ ਵਰਕ ਆਰਡਰ ਦਿੱਤਾ ਗਿਆ ਸੀ, ਜ਼ੋ ਕਿ ਮਿਤੀ: 1.6.2020 ਨੂੰ ਖਤਮ ਹੋਣਾ ਹੈ।

ਉਕਤ ਕੰਮ ਦੇ ਸਮੇਂ ਵਿੱਚ ਵਾਧਾ ਕਰਨ ਸਬੰਧੀ ਨਗਰ ਨਿਗਮ ਹਾਊਸ ਦੇ ਮਤਾ ਨੰ: 9 ਮਿਤੀ: 29-11-2019 ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: ਸ5-ਡਸਸ-ਮਸਸ-2020/9305 ਮਿਤੀ: 18-02-2020 ਰਾਹੀਂ ਦਿੱਤੀ ਗਈ।ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 61 ਮਿਤੀ: 1-3-2019 ਦੇ ਫੈਸਲੇ ਦੀ ਲਗਾਤਾਰਤਾ ਵਿੱਚ ਮਤਾ ਨੰ: 73 ਮਿਤੀ: 30-5-2019 ਅਤੇ ਆਰ.ਐਫ.ਪੀ. ਦੀ ਸ਼ਰਤਾਂ ਅਨੁਸਾਰ "The services /arrangement will be initially for the one year which can be extended upto **TWO MORE YEARS** after one year with the consent of both the parties with same estimate /T&C. excluding Sr. No. 'A' which can be revised upto 10% annually as per the guidelines issued by Labour Department GoP" ਕੰਪਨੀ ਪਿਛਲੇ ਕੰਮ ਦੀ ਲਗਾਤਾਰਤਾ ਵਿੱਚ ਆਪਣੇ ਮੌਜੂਦਾ ਰੇਟਾਂ ਤੇ ਕੰਮ ਕਰਨ ਨੂੰ ਤਿਆਰ ਹੈ। ਜਿਸ ਦੇ ਸਬੰਧ ਵਿੱਚ ਕੰਪਨੀ ਨੇ ਆਪਣੇ ਪੱਤਰ ਨੰ: 12/2020 ਮਿਤੀ: 18.05.2020 ਰਾਹੀਂ ਆਪਣੀ ਸਹਿਮਤੀ ਪ੍ਰਗਟ ਕਰਦੇ ਹੋਏ ਹੇਠ ਲਿਖੇ ਅਨੁਸਾਰ ਆਪਣੀ ਪ੍ਰਤੀ ਬੇਨਤੀ ਕੀਤੀ ਹੈ:-

" As per the work order no 1/sm/comp dated 31/05/2019 our firm had started the above mentioned work from 1/6/2019 onwards. According to the RFP the Contract awarded to our firm needs to be extended for more 2 years as per Terms and Conditions contained therein. We promise you that we will fulfill your all expectations with hard work and honesty.

As per the resolutions passed by Municipal House & F&CC for the above mentioned work, the provision for extension of the work with the consent of Municipal Corporation Jalandhar was contained and the same clause was also in the RFP floated at the time of tender as below:

"The services /arrangement will be initially for the one year which can be extended upto **two more years** after one year with the consent of both the parties with same estimate /T&C. excluding Sr. No. 'A' (manpower component) which can be revised upto 10% annually as per the guidelines issued by Labour Department GoP"

So, we request you to extend our work on the same rate other than MANPOWER clause. In the manpower we JUST want that if any increase or decrease whatever in the minimum wages of our staff takes place then the increased amount may be added in our MANPOWER component with guidelines of EPF/ESI with concerned departments according to GOI/GOP as applicable. On rest of the other components we are ready to work on old rates. We hope that you will give us one more chance to serve your organization and for us it will be a great honor."

We promise you that we will put our best efforts towards our work and will generate the revenue for the Municipal Corporation Jalandhar.

Thanking you."

ਇਥੇ ਇਹ ਤਸਦੀਕ ਕੀਤਾ ਜਾਂਦਾ ਹੈ ਕਿ ਕੰਪਨੀ ਵੱਲੋ ਆਪਣਾ ਕੰਮ ਤੱਸਲੀ ਬਖਸ਼ ਕੀਤਾ ਜਾ ਰਿਹਾ ਹੈ ।ਇਹਨਾਂ ਸੀ.ਐਫ.ਸੀ. ਬਣਨ ਨਾਲ ਆਮ ਜਨਤਾ ਨੂੰ ਕਾਫੀ ਸਹੂਲਤ ਮਿਲੀ ਹੈ। ਕੰਪਨੀ ਵੱਲੋ ਨਗਰ ਨਿਗਮ ਦੇ ਪ੍ਰਾਪਰਟੀ ਟੈਕਸ ਵਿਭਾਗ ਅਤੇ ਵਾਟਰ ਰੇਟ ਸ਼ਾਖਾ ਦੇ ਡਾਟਾਬੇਸ ਨੂੰ ਆਨ-ਲਾਈਨ ਅਤੇ ਕੰਮਪਿਉਟਰਾਇਜਡ ਕੀਤਾ ਹੈ। ਕੰਪਨੀ ਵੱਲੋ ਆਪਣੇ ਸਮੇਂ ਵਿੱਚ ਇਹਨਾਂ ਵਿਭਾਗਾਂ ਦੀ ਆਮਦਨ ਵਿੱਚ ਵਾਧਾ ਕਰਨ ਦਾ ਯੋਗਦਾਨ ਪਾਇਆ ਹੈ।ਇਹ ਕੰਮ ਅਤਿ ਮਹੱਤਵਪੂਰਨ ਹੈ ਅਤੇ ਇਹ ਇੱਕ Emergerncy/ Urgent-nature ਕੰਮ ਹੈ।ਇਥੇ ਇਹ ਵੀ ਜਿਕਰਯੋਗ ਹੈ ਕਿ ਸੀ.ਐਫ.ਸੀ ਚਲਾਉਣ ਦਾ ਠੇਕਾ ਮਿਤੀ: 31.05.2020 ਨੂੰ ਖਤਮ ਹੋ ਰਿਹਾ ਹੈ।ਇਸ ਲਈ ਹਵਾਲੇ ਅਧੀਨ ਵਰਕ ਆਰਡਰ ਦੀ ਲਗਾਤਾਰਤਾ ਵਿੱਚ ਆਰ.ਐਫ.ਪੀ. ਦੀ ਸ਼ਰਤਾਂ ਅਨੁਸਾਰ ਕੰਮ ਦੇ ਸਮੇਂ ਵਿੱਚ ਵਾਧਾ ਕਰਨ ਕਰਨ ਲਈ ਵਿਚਾਰ ਕਰ ਲਿਤਾ ਜਾਵੇ ਤਾਂ ਜ਼ੋ ਨਗਰ ਨਿਗਮ ਜਲੰਧਰ ਨੂੰ ਕੋਈ ਵਿੱਤੀ ਨੁਕਸਾਨ ਨਾ ਹੋਵੇ ਅਤੇ ਆਮ ਪਬਲਿਕ ਨੂੰ ਆਪਣੇ ਟੈਕਸ/ਯੂਜਰ ਚਾਰਜਿਸ ਜਮ੍ਹਾਂ ਕਰਵਾਉਣ ਵਿੱਚ ਪਰੇਸ਼ਾਨੀ ਨਾ ਆ ਸਕੇ ਜੀ।ਇਹਨਾਂ ਸੀ.ਐਫ.ਸੀ ਸੈਂਟਰਾਂ ਵਿੱਚ ਮਿਤੀ: 01.04.2019 **ਤੋਂ** 20.05.2019 ਤੱਕ ਲੱਗਭਗ 127974 ਲੋਕਾਂ ਨੇ ਬਿੱਲ/ਟੈਕਸ ਦੇਣ ਲਈ ਆਏ ਨਗਰ ਨਿਗਮ ਜਲੰਧਰ ਨੂੰ **ਕੁੱਲ ਰੁਪਏ: 25.88 ਕਰੋੜ** ਇਹਨਾਂ ਸੈਂਟਰਾਂ ਰਾਹੀਂ ਇਕੱਠਾ ਕਰ ਕੇ ਦਿੱਤਾ ਗਿਆ। **Comparison (Total Collection)** (Fig. in Crore)

S.No.	Department	2018-19	2019-20 (upto 31.3.2020)
1	Property Tax	28.18	28.39
2	Water Supply	22.83	23.94

ਉਪਰੋਕਤ ਸੀ.ਐਫ.ਸੀ. ਦੇ ਅਤਿ ਮਹੱਤਵਪੂਰਨ ਕੰਮ ਨੂੰ ਮੁੱਖ ਰੱਖਦੇ ਹੋਏ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 73 ਮਿਤੀ: 30-5-2019 ਅਤੇ ਨਗਰ ਨਿਗਮ ਹਾਊਸ ਦੇ ਮਤਾ ਨੰ: 9 ਮਿਤੀ: 29-11-2019 ਦੀ ਸਥਾਨਕ ਸਰਕਾਰ ਵਿਭਾਗ ਵੱਲੋਂ ਦੀਤੀ ਪ੍ਰਵਾਨਗੀ ਅਨੁਸਾਰ ਹਵਾਲੇ ਅਧੀਨ ਵਰਕ ਆਰਡਰ ਦੀ ਲਗਾਤਾਰਤਾ ਵਿੱਚ ਕੰਮ ਦੇ ਸਮੇਂ ਵਿੱਚ ਮਿਤੀ: **1.6.2020 ਤੋਂ 31.5.2021** ਤੱਕ **(ਇਕ ਸਾਲ)** ਵਾਧਾ ਕਰਨ ਅਤੇ ਇਸ ਵਾਧੂ ਸਮੇਂ ਲਈ ਕੰਪਨੀ ਵੱਲੋਂ ਉਪਲਬੱਧ ਕਰਵਾਈ ਜਾ ਰਹੀ ਮੈਨਪਾਵਰ ਨੂੰ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋ ਨਿਸ਼ਚਿੱਤ ਕੀਤੀਆਂ ਮਿਨੀਮਮ ਵੇਜਿਜ਼ ਅਨੁਸਾਰ ਅਦਾਇਗੀ ਕਰਨ, ਕੰਪਨੀ ਨਾਲ ਨਵਾਂ ਇਕਰਾਰਨਾਮਾ ਕਰਨ ਉਪਰੰਤ ਮਹਿਨਾਵਾਰ ਅਦਾਇਗੀ ਕਰਨ ਸਬੰਧੀ ਪੱਤਰ ਜਾਰੀ ਕਰਨ ਦੀ ਪ੍ਰਵਾਨਗੀ ਦੇਣ ਲਈ ਸਿਫਾਰਸ਼ ਕੀਤੀ ਜਾਂਦੀ ਹੈ।

ਡਿਪਟੀ ਕੰਟਰੋਲਰ(ਵਿੱਤ ਅਤੇ ਲੇਖਾ) ਜੀ ਵੱਲੋ ਮਿਤੀ: 10.07.2020 ਰਾਹੀਂ ਲਿਖਿਆ ਗਿਆ ਹੈ ਕਿ ਮਾਨਯੋਗ ਮੇਅਰ ਜੀ ਵੱਲੋ ਮਿਤੀ: 23.05.2020 ਰਾਹੀਂ ਪਿਛਲੇ ਵਰਕ ਆਡਰ ਦੀ ਲਗਾਤਾਰਤਾਂ ਵਿੱਚ ਉਕਤ ਕੰਮ ਕਰਨ ਦਾ ਵਾਧਾ ਮਿਤੀ: 01.06.2020 ਤੋਂ 31.05.2021

ਤੱਕ ਦੀ ਜ਼ੋ ਮੰਜੂਰੀ ਦਿੱਤੀ ਗਈ ਹੈ, ਉਸ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਤੋਂ ਲਿਤੀ ਜਾਵੇ। ਇਥੇ ਇਹ ਦਸੱਣਯੋਗ ਹੋਵੇਗਾ ਕਿ ਮਾਨਯੋਗ ਮੇਅਰ ਅਤੇ ਕਮਿਸ਼ਨਰ ਜੀ ਦੇ ਆਦੇਸ਼ਾਂ ਅਨੁਸਾਰ ਕੰਪਨੀ ਨੂੰ ਵਰਕ ਆਡਰ ਮਿਤੀ: 29.05.2020 ਨੂੰ ਜਾਰੀ ਕਰ ਦਿੱਤਾ ਗਿਆ ਹੈ।

ਇਥੇ ਇਹ ਦਸੱਣਯੋਗ ਹੈ ਕਿ ਪ੍ਰਾਪਰਟੀ ਟੈਕਸ ਦੇ ਸਾਲ 2019-20 ਦੇ ਰਿਬੇਟ ਦੀ ਆਖਰੀ ਮਿਤੀ: 31.07.2020 ਹੈ।ਇਹ ਟੈਕਸ ਇਹਨਾਂ ਸੀ.ਐਫ.ਸੀ ਸੈਂਟਰਾਂ ਰਾਹੀਂ ਵਸੂਲੀਆ ਜਾ ਰਿਹਾ ਹੈ।ਕੰਪਨੀ ਵੱਲੋ ਵੀ ਕੰਮ ਤਸੱਲੀਬਖਸ਼ ਕੀਤਾ ਜਾ ਰਿਹਾ ਹੈ।ਜਿਸ ਨਾਲ ਪਿਛਲੇ ਸਾਲ ਨਾਲੋ ਇਹਨਾਂ ਸੀ.ਐਫ.ਸੀ ਸੈਂਟਰਾਂ ਰਾਹੀਂ ਪ੍ਰਾਪਰਟੀ ਟੈਕਸ ਅਤੇ ਵਾਟਰ ਸਪਲਾਈ ਬਿੱਲਾਂ ਦੀ ਰਿਕਵਰੀ ਦੀ ਆਮਦਨ ਵਿੱਚ ਵਾਧਾ ਹੋਇਆ ਹੈ।

ਉਪਰੋਕਤ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਉਕਤ ਅਨੁਸਾਰ ਕੰਪਨੀ ਨੂੰ ਪਿਛਲੇ ਵਰਕ ਆਡਰ ਦੀ ਲਗਾਤਾਰਤਾਂ ਵਿੱਚ ਉਕਤ ਕੰਮ ਕਰਨ ਦਾ ਵਾਧਾ ਕਰਨ ਲਈ ਨਗਰ ਨਿਗਮ ਹਾਉਸ ਤੋਂ ਪ੍ਰਵਾਨਗੀ ਲੋੜੀਂਦੀ ਹੈ, ਪ੍ਰੰਤੂ ਕੋਵੀਡ- 19 ਹੋਣ ਕਰਕੇ ਨਗਰ ਨਿਗਮ ਹਾਉਸ ਦੀ ਮੀਟਿੰਗ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ਅਤੇ ਕੰਮ ਬਹੁਤ ਜਰੂਰੀ ਹੋਣ ਕਰਕੇ ਇਸ ਤਜਵੀਜ ਨੂੰ ਨਗਰ ਨਿਗਮ ਹਾਉਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਮੰਜੂਰੀ ਦਿੱਤੀ ਜਾਵੇ।ਸੰਯੁਕਤ ਕਮਿਸ਼ਨਰ ਜੀ ਨੇ ਮਿਤੀ: 22.07.2020 ਨੂੰ ਇਹ ਮਾਮਲਾ ਨਗਰ ਨਿਗਮ ਹਾਉਸ ਦੀ ਪੂਰਵ ਪ੍ਰਵਾਨਗੀ ਦੀ ਆਸ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 23.07.2020 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 24.07.2020 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਉਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਉਸ ਦੀ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 62

ਵਿਸ਼ਾ:- ਨੰਗਲ ਸ਼ਾਮਾਂ ਚੌਂਕ ਤੋਂ ਚੁਗਿਟੀ ਚੌਂਕ ਤੱਕ ਦੇ ਮਾਰਗ ਨੂੰ ਦਲਬੀਰ ਸਿੰਘ ਮਾਰਗ ਰੱਖਣ ਬਾਰੇ ।

ਤਜਵੀਜ ਸ੍ਰੀ ਸ਼ਮਸ਼ੇਰ ਸਿੰਘ ਖੈਹਰਾ, ਕੌਂਸਲਰ ਵਾਰਡ ਨੰ:8 ਜਿਸ ਦੀ ਪੁਸ਼ਟੀ ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਅਤੇ ਸ੍ਰੀ ਨਿਰਮਲ ਸਿੰਘ, ਕੌਂਸਲਰ ਵਾਰਡ ਨੰ: 6 ਨੇ ਕੀਤੀ ਹੈ ਕਿ ਸ੍ਰੀ ਦਲਬੀਰ ਸਿੰਘ ਪੁੱਤਰ ਸ੍ਰੀ ਕੁੰਦਨ ਸਿੰਘ ਵਾਸੀ ਲੱਧੇਵਾਲੀ ਜਿਲਾ ਜਲੰਧਰ ਦੇ ਰਹਿਣ ਵਾਲੇ ਸਨ ਜ਼ੋ ਕਿ ਇਕ ਮਹਾਨ ਸਮਾਜ ਸੇਵਕ ਸਨ। ਉਹਨਾਂ ਨੇ ਕਈ ਅਜਿਹੇ ਕੰਮ ਕੀਤੇ ਜਿੰਨਾਂ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਉਹਨਾਂ ਦੀ ਯਾਦ ਵਿਚ ਨੰਗਲ ਸ਼ਾਮਾਂ ਚੌਂਕ ਤੋਂ ਚੁਗਿਟੀ ਚੌਂਕ ਤੱਕ ਦੇ ਮਾਰਗ ਨੂੰ ਦਲਬੀਰ ਸਿੰਘ ਮਾਰਗ ਰੱਖਿਆ ਜਾਵੇ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.10.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 63

ਵਿਸ਼ਾ:- ਢਿਲਵਾਂ ਚੌਂਕ ਤੋਂ ਲੱਧੇਵਾਲੀ ਤੱਕ ਦੀ ਲਿੰਕ ਰੋਡ ਦਾ ਨਾਂ ਰਘਵੀਰ ਸਿੰਘ ਰੋਡ ਰੱਖਣ ਬਾਰੇ ।

ਤਜਵੀਜ ਸ੍ਰੀ ਸ਼ਮਸ਼ੇਰ ਸਿੰਘ ਖੈਹਰਾ, ਕੌਂਸਲਰ ਵਾਰਡ ਨੰ:8 ਜਿਸ ਦੀ ਪੁਸ਼ਟੀ ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਅਤੇ ਸ੍ਰੀ ਨਿਰਮਲ ਸਿੰਘ, ਕੌਂਸਲਰ ਵਾਰਡ ਨੰ: 6 ਨੇ ਕੀਤੀ ਹੈ ਕਿ ਸ੍ਰੀ ਰਘਵੀਰ ਸਿੰਘ ਪੁੱਤਰ ਸ੍ਰੀ ਕੁੰਦਨ ਸਿੰਘ ਵਾਸੀ ਲੱਧੇਵਾਲੀ ਦੇ ਰਹਿਣ ਵਾਲੇ ਸਨ ਜ਼ੋ ਕਿ ਇਕ ਮਹਾਨ ਸਮਾਜ ਸੇਵਕ ਅਤੇ ਸਰਪੰਚ ਸਨ। ਉਹਨਾਂ ਨੇ ਕਈ ਅਜਿਹੇ ਕੰਮ ਕੀਤੇ ਜਿੰਨਾਂ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਉਹਨਾਂ ਦੀ ਯਾਦ ਵਿਚ ਢਿਲਵਾਂ ਚੌਂਕ ਤੋਂ ਲੱਧੇਵਾਲੀ ਤੱਕ ਦੀ ਲਿੰਕ ਰੋਡ ਦਾ ਨਾਂ ਰਘਵੀਰ ਸਿੰਘ ਰੋਡ ਰੱਖ ਦਿੱਤਾ ਜਾਵੇ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.10.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 64

ਵਿਸ਼ਾ :- ਸਲਾਨੀ ਮਾਤਾ ਮੰਦਰ ਦੇ ਨਾਲ ਲੱਗਦੇ ਇਲਾਕੇ ਦਾ ਨਾਮ ਸ਼ਹੀਦ ਉਧਮ ਸਿੰਘ ਨਗਰ ਰੱਖਣ ਬਾਰੇ।

ਤਜਵੀਜ਼ ਸ਼੍ਰੀ ਨਿਰਮਲ ਸਿੰਘ ਨਿੰਮਾਂ ਕੌਂਸਲਰ ਵਾਰਡ ਨੰ: 6, ਜਿਸ ਦੀ ਪੁਸ਼ਟੀ ਸ਼੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖੈਹਰਾ, ਵਾਰਡ ਨੰ: 8 ਦੇ ਕੌਂਸਲਰ ਜੀ ਨੇ ਕੀਤੀ ਹੈ ਕਿ ਬੇਨਤੀ ਹੈ ਕਿ ਸਾਡੇ ਵਾਰਡ ਨੰ : 6 ਦੇ ਪ੍ਰੇਮ ਨਗਰ ਤੋਂ ਸੁੱਚੀ ਪਿੰਡ ਮੋੜ ਤੱਕ ਬਹੁਤ ਵੱਡਾ ਇਲਾਕਾ ਹੈ। ਜਿਸ ਨੂੰ ਲੋਕੀ ਸਲਾਨੀ ਮਾਤਾ ਮੰਦਰ ਦਾ ਆਲਾ ਦੁਆਲਾ ਕਹਿੰਦੇ ਹਨ ਅਤੇ ਲੋਕਾ ਨੂੰ ਪਤਾ ਲਿਖਣ ਵਿੱਚ ਬਹੁਤ ਮੁਸ਼ਕਲ ਆਉਂਦੀ ਸੀ।ਜਿਸ ਕਾਰਨ ਸਮੂਹ ਇਲਾਕੇ ਦੇ ਲੋਕਾਂ ਨੇ ਇੱਕਠੇ ਹੋ ਕੇ ਇਸ ਦਾ ਨਾਮ ਸ਼ਹੀਦ ਉਧਮ ਸਿੰਘ ਨਗਰ ਰੱਖਣ ਦਾ ਫੈਸਲਾ ਕੀਤਾ ਹੈ। ਇਸ ਸਬੰਧ ਵਿੱਚ ਐਮ.ਐੱਲ.ਏ. ਸ਼੍ਰੀ ਅਵਤਾਰ ਜੀ ਹੈਨਰੀ ਸਾਹਿਬ ਨੂੰ ਵੀ ਮਿਲ ਲਿਆ ਗਿਆ ਹੈ। ਕ੍ਰਿਪਾ ਕਰਕੇ ਕਾਰਪੋਰੇਸ਼ਨ ਵਿੱਚ ਵੀ ਇਸ ਨੂੰ ਦਰਜ ਕੀਤਾ ਜਾਵੇ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.10.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 65

ਵਿਸ਼ਾ :- ਮਸੰਦ ਚੌਂਕ ਤੋਂ ਸਕਾਈਲਾਰਕ ਚੌਂਕ ਤੱਕ ਸੜਕ ਦਾ ਨਾਮ ''ਸੀਤਾ ਰਾਮ ਕਪੂਰ ਮਾਰਗ'' ਰੱਖਣ ਬਾਰੇ।

ਪੜਿਆ ਨੋਟ ਬੀ ਐਂਡ ਆਰ ਸ਼ਾਖਾ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਸੜ੍ਹਕ (ਮਸੰਦ ਚੌਂਕ ਤੋਂ ਸਕਾਈਲਾਰਕ ਹੋਟਲ) ਨਗਰ ਨਿਗਮ ਦੀ ਹਦੂਦ ਅੰਦਰ ਪੈਂਦੀ ਹੈ ਅਤੇ ਇਹ ਸੜ੍ਹਕ ਦੀ ਦੇਖ-ਰੇਖ ਵੀ ਨਗਰ ਨਿਗਮ ਜਲੰਧਰ ਵੱਲੋ ਹੀ ਕੀਤੀ ਜਾਂਦੀ ਹੈ। ਇਸ ਬਾਬਤ ਸ੍ਰੀ ਗੋਤਮ ਕਪੂਰ ਵਾਸੀ ਮਾਡਲ ਟਾਊਨ, ਜਲੰਧਰ ਵਲੋਂ ਪ੍ਰਾਪਤ ਪੱਤਰ, ਜਿਸ ਵਿੱਚ ਉਹਨਾਂ ਨੇ ਲਿਖਿਆ ਹੈ ਕਿ ਸ੍ਰੀ ਸੀਤਾ ਰਾਮ ਕਪੂਰ ਇੱਕ ਪਰੋਕਪਕਾਰੀ ਵਿਅੱਕਤੀ ਸਨ । ਉਹਨਾਂ ਪਾਕਿਸਤਾਨ ਤੋਂ ਉਜੜ ਕੇ ਆਏ ਕਈ ਸ਼ਰਨਾਰਥੀਆਂ ਦੀ ਕਾਫੀ ਮਦਦ ਕੀਤੀ ਸੀ ਅਤੇ ਬਟਵਾਰੇ ਤੋਂ ਬਾਅਦ ਲੋਕਾਂ ਨੂੰ ਵਸਾਉਣ ਵਿੱਚ ਵੀ ਕਾਫੀ ਮਦਦ ਕੀਤੀ ਸੀ । ਉਹਨਾਂ ਗਰੀਬ ਔਰਤਾਂ ਦੀ ਪੜਾਈ ਲਈ ਵੀ ਕਾਫੀ ਮਦਦ ਕੀਤੀ ਸੀ ।ਉਹਨਾਂ ਦੀਆਂ ਇਹਨਾਂ ਸੇਵਾਵਾਂ ਨੂੰ ਮਾਣ ਦਿੰਦੇ ਹੋਏ ਇਸ ਸੜ੍ਹਕ ਨੂੰ ਸੀਤਾ ਰਾਮ ਕਪੂਰ ਮਾਰਗ ਨਾਮ ਰੱਖਣ ਲਈ ਕਿਹਾ ਗਿਆ ਹੈ, ਇਸ ਲਈ ਦੱਸਿਆ ਜਾਂਦਾ ਹੈ ।ਇਸ ਨੂੰ ਨਗਰ ਨਿਗਮ ਦੇ ਮਾਣਯੋਗ ਹਾਊਸ ਦੇ ਸਨਮੁੱਖ ਰੱਖ ਕੇ ਵਿਚਾਰਿਆ ਜਾ ਸਕਦਾ ਹੈ। ਸਹਾਇਕ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਅਤੇ ਕਾਰਜਕਾਰੀ ਇੰਜੀਨੀਅਰ ਨੇ ਮਿਤੀ 22.7.2020 ਰਾਹੀਂ ਹਾਊਸ ਦੀ ਪ੍ਰਵਾਨਗੀ ਹਿਤ ਰੱਖਣ ਦੀ ਸਿ਼ਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 23.7.2020 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਹਿਤ ਹਸਤਾਖਰ ਕੀਤੇ ਹਨ।ਸੰਯੁਕਤ ਕਮਿਸ਼ਨਰ ਅਤੇ ਕਮਿਸ਼ਨਰ ਜੀ ਨੇ ਮਿਤੀ : 23.07.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 23.7.2020 ਰਾਹੀਂ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 66

ਵਿਸ਼ਾ:- ਬੀ.ਐਮ.ਸੀ. ਚੌਂਕ ਦਾ ਨਾਮ ਬਦਲ ਕੇ **"ਸੰਵਿਧਾਨ ਚੌਂਕ"** ਰੱਖਣ ਸਬੰਧੀ।

ਪੜ੍ਹਿਆ ਦਫਤਰੀ ਨੋਟ ਬੀ.ਆਰ. ਸ਼ਾਖਾ ਮਿਤੀ 2.3.2020 ਜਿਸ ਦੀ ਸਿ਼ਫਾਰਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਕੀਤੀ ਹੈ ਕਿ ਪ੍ਰਧਾਨ ਅਤੇ ਜਨਰਲ ਸੈਕਰੇਟ੍ਰੀ, ਅੰਬੇਡਕਰਾਇਟ ਲੀਗਲ ਫੋਰਮ, ਚੈਂਬਰ ਨੰ: 610-ਏ, ਨਿਊ ਕੋਰਟਸ, ਜਲੰਧਰ ਦੇ ਮੈਂਬਰਾਂ ਨੇ ਪੱਤਰ ਨੰ: ਏ.ਐਲ.ਐਫ./19-20/019 ਮਿਤੀ 3.2.2020 ਰਾਹੀਂ ਬੇਨਤੀ ਕਰਦੇ ਹੋਏ ਧਿਆਨ ਜਲੰਧਰ ਦੇ ਬੀ.ਐਮ.ਸੀ. ਚੌਂਕ ਵੱਲ ਦਿਵਾਉਂਣਾ ਚਾਹੁੰਦੇ ਹਨ, ਜ਼ੋ ਜਿਲ੍ਹਾ ਕਚਿਹਰੀਆਂ ਦੇ ਨਾਲ ਹੈ। ਇਹ ਚੌਂਕ ਜਿਸ ਨਾਮ ਤੋਂ ਜਾਣਿਆ ਜਾਂਦਾ ਹੈ, ਉਹ ''ਬ੍ਰਿਟਿਸ਼ ਮੋਟਰ ਕਾਰ ਕੰਪਨੀ'' ਦੇ ਨਾਮ ਤੋਂ ਹੈ। ਇਸ ਨਾਂ ਦੀ ਕੰਪਨੀ ਕਾਫੀ ਸਮਾਂ ਪਹਿਲਾਂ ਹੀ ਇਸ ਜਗ੍ਹਾਂ ਤੋਂ ਸਿਫ਼ਟ ਹੋ ਚੁੱਕੀ ਹੈ ਅਤੇ ਜ਼ੋ ਬਾਅਦ ਵਿਚ ਬੰਦ ਵੀ ਹੋ ਗਈ ਹੈ।

ਇਸ ਚੌਂਕ ਦੇ ਨੇੜੇ ਜਲੰਧਰ ਦੀਆਂ ਜਿਲ੍ਹਾਂ ਸੈਸ਼ਨ ਅਦਾਲਤਾਂ, ਏ.ਡੀ.ਆਰ.ਸੈਂਟਰ, ਡਿਸਟ੍ਰਿਕਟ ਜਲੰਧਰ ਦਾ ਦਫਤਰ ਅਤੇ ਵਕੀਲਾਂ ਦੇ ਚੈਂਬਰ ਵੀ ਹਨ। ਇਸ ਦੇ ਨਜਦੀਕ ਜਿਲ੍ਹਾਂ ਪ੍ਰਸਾਸਨ ਕੰਪਲੈਕਸ ਹੈ, ਜਿਸ ਵਿਚ ਪੁਲਿਸ ਕਮਿਸ਼ਨਰ, ਐਸ.ਡੀ.ਐਮ. ਅਤੇ ਆਪ ਜੀ ਦਾ ਦਫਤਰ ਵੀ ਹੈ ਅਤੇ ਇਸ ਚੌਂਕ ਵਿਚ ਰੋਜਾਨਾ ਹੀ ਬਹੁਤ ਸਾਰੇ ਲੋਕ ਆਉਂਦੇ-ਜਾਂਦੇ ਹਨ। ਇਹ ਕਿ ਜਿਲ੍ਹਾ ਜਲੰਧਰ ਵਿਚ ਸੰਵਿਧਾਨ ਚੌਂਕ ਦੇ ਨਾਮ ਤੇ ਪਹਿਲਾਂ ਤੋਂ ਕੋਈ ਵੀ ਚੌਂਕ ਨਹੀਂ ਹੈ ਅਤੇ ਅਸੀ ਆਪ ਜੀ ਤੋਂ ਪੁਰਜੋਰ ਮੰਗ ਕਰਦੇ ਹਾਂ ਕਿ ਉਕਤ ਬੀ.ਐਮ.ਸੀ. ਚੌਂਕ ਦਾ ਨਾਮ ਬਦਲ ਕੇ "ਸੰਵਿਧਾਨ ਚੌਂਕ'' ਨਾਮ ਰੱਖਿਆ ਜਾਵੇ, ਜਿਸ ਨਾਲ ਭਾਰਤ ਦੇ ਨਾਗਰਿਕਾਂ ਦੇ ਦਿਲ ਵਿਚ ਭਾਰਤ ਦੇ ਸੰਵਿਧਾਨ ਪ੍ਰਤੀ ਨਿਸ਼ਠਾ ਅਤੇ ਵਿਸ਼ਵਾਸ ਹੋਰ ਵੀ ਗੂੜਾ ਹੋਵੇਗਾ।ਉਪਰੋਕਤ ਪ੍ਰਤੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਇਸ ਤਜਵੀਜ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ(ਬੀ.ਐਂਡ ਆਰ.) ਅਤੇ ਕਮਿਸ਼ਨਰ ਜੀ ਨੇ ਮਿਤੀ : 11.03.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 12.3.2020 ਰਾਹੀਂ ਉਕਤ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 67

Subject: Naming a Road/Street/ Park of Jalandhar to Commermorate Shaheed Jatin Das .

ਤਜਵੀਜ ਸ੍ਰੀਮਤੀ ਉਮਾ ਬੇਰੀ, ਕੌਂਸਲਰ ਵਾਰਡ ਨੰ: 19 ਜਿਸ ਦੀ ਪੁਸ਼ਟੀ ਸ੍ਰੀਮਤੀ ਹਰਸ਼ਰਨ ਕੌਰ, ਕੌਂਸਲਰ ਵਾਰਡ ਨੰ: 31 ਨੇ ਕੀਤੀ ਹੈ ਅਤੇ ਸ੍ਰੀ ਰਾਜਿੰਦਰ ਬੇਰੀ, ਐਮ.ਐਲ.ਏ. ਜੀ ਨੇ ਪੁਰਜ਼ੋਰ ਸਿਫਾਰਸ਼ ਕੀਤੀ ਹੈ ਕਿ ਇਕ ਪੱਤਰ ਜਨਰਲ ਸੈਕਟਰੀ, Nationl Martyrs' Memorial Committee (Regd) ਵਲੋਂ ਪ੍ਰਾਪਤ ਹੋਇਆ ਹੈ ਕਿ Shri Jatin Das (Shri Jatinder Nath Das) a close associate of shaheed-e-Azam S. Bhagat Singh, sacrified his life at the altar of liberty after a hunger strike of 63 days in the Baristal Jail, Lahore on 13th September, 1929. It was a great event in the freedom history of India which boosted the struggle for India's freedom. This supreme sacrifice for a noble cause was a landmark in the history of mankind.

The Golden Jubilee of the Martydom of Sh. Jatin Das was celebrated in 1979, both in Haryana (Karnal) & Himachal Pradesh (Mandi) by their respective governments but Punjab Government missed the event.

In the 123rd Netaji Jayanti function held on 23rd January 2020 in the auditorirum of Red Cross Bhawan, Jalandhar the house, in theWorthy presence of Dr. Harish K Puri, a scholar & political scienstist, Sh Rajinder Beri MLA, Sh. Varinder Kumar Sharma, Deputy Commissioner, Jalandhar, Smt. Indu Verma Director DDK Jalandhar and other dignatories, unanimously passed the following resolution along with approval & loud clapping.

"To commermorate a great revolutionary patriot Sh. Jatin Das a road/street/park of Jalandhar be named in his memory."

The noble & patriotic act of the Jalandhar Corporation will perpetually inspire the coming generation for selfless service of the country. It will be a pride & honour for Jalandhar (once Adhoc Capital of Punjab in 1947) to perpetuate the memory of an important event (1929) in Lahore (Capital).

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 9.3.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਸ ਸਬੰਧੀ ਸਪਸ਼ਟ ਤਜ਼ਵੀਜ਼ ਪੇਸ਼ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 68

ਵਿਸ਼ਾ:- ਸਰਟੀਫਿਕੇਟ ਦੀ ਫੀਸ ਨਿਰਧਾਰਿਤ ਕਰਨ ਸਬੰਧੀ।

ਪੜ੍ਹਿਆ ਦਫਤਰੀ ਨੋਟ ਡਰਾਇੰਗ ਸ਼ਾਖਾ ਮਿਤੀ 28.9.2020 ਜਿਸ ਦੀ ਸ਼ਿਫਾਰਸ਼ ਸਾਰੇ ਸਹਾਇਕ ਟਾਊਨ ਪਲੈਨਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਦਫਤਰ ਵਿੱਚ ਅਣ-ਅਧਿਕਾਰਤ ਕਲੋਨੀਆਂ ਵਿੱਚ ਪੈਂਦੇ ਪਲਾਟਾਂ ਦੀ ਐਨ.ਓ.ਸੀ. ਜਾਰੀ ਕਰਨ ਸਮੇਂ ਸਰਕਾਰ ਵਲੋਂ ਅਣ-ਅਧਿਕਾਰਤ ਕਲੋਨੀ ਨੂੰ ਰੈਗੂਲਰ ਕਰਨ ਹਿੱਤ ਜਾਰੀ ਕੀਤੀ ਪਾਲਿਸੀ ਅਨੁਸਾਰ ਬਣਦੀਆਂ ਫੀਸਾਂ ਵਸੂਲ ਕਰਕੇ ਪਲਾਟਾਂ ਦੀ ਐਨ.ਓ.ਸੀ. ਜਾਰੀ ਕੀਤੀ ਜਾਂਦੀ ਹੈ ਅਤੇ ਇਸ ਜਾਰੀ ਕੀਤੀ ਗਈ ਐਨ.ਓ.ਸੀ. ਦੇ ਅਧਾਰ ਤੇ ਰੈਵੀਨਿਊ ਵਿਭਾਗ ਵਲੋਂ ਪਲਾਟਾਂ ਦੀਆਂ ਰਜਿਸਟਰੀਆਂ ਵੀ ਕੀਤੀਆਂ ਜਾਂਦੀਆਂ ਹਨ। ਪਰ ਅਜਿਹੇ ਪਲਾਟ ਜੋ ਕਿ ਨਗਰ ਨਿਗਮ ਦੇ ਅਪਰੂਵਡ ਏਰੀਏ ਅਧੀਨ ਪੈਂਦੇ ਹਨ ਜਾਂ ਸ਼ਹਿਰ ਦੀ ਪੁਰਾਣੀ ਅਬਾਦੀ ਵਿੱਚ ਪੈਂਦੇ ਹਨ, ਜਿਨ੍ਹਾਂ ਦਾ ਫਾਈਲ ਬੁੱਕ ਰਿਕਾਰਡ ਬਣਿਆ ਹੋਇਆ ਹੈ, ਉਨ੍ਹਾਂ ਦੀਆਂ ਰਜਿਸਟਰੀਆਂ ਕਰਵਾਉਣ ਸਮੇਂ ਵੀ ਪਲਾਟ ਮਾਲਕ ਇਸ ਦਫਤਰ ਪਾਸੋਂ ਸਰਟੀਫਿਕੇਟ ਦੀ ਮੰਗ ਕਰਦੇ ਹਨ, ਜਿਸ ਵਿੱਚ ਵਿਭਾਗ ਵਲੋਂ ਲਿਖ ਕੇ ਦਿੱਤਾ ਜਾਂਦਾ ਹੈ ਕਿ ਸਬੰਧਤ ਸਾਈਟ ਅਪਰੂਵਡ ਏਰੀਏ ਅਧੀਨ ਪੈਂਦੀ ਹੈ ਅਤੇ ਕਿਸੇ ਅਣ-ਅਧਿਕਾਰਤ ਕਲੋਨੀ ਦਾ ਹਿੱਸਾ ਨਹੀਂ ਹੈ। ਪਰ ਅਜਿਹੇ ਪਲਾਟਾਂ ਦਾ ਸਰਟੀਫਿਕੇਟ ਜਾਰੀ ਕਰਨ ਸਮੇਂ ਵਿਭਾਗ ਵਲੋਂ ਕੋਈ ਵੀ ਫੀਸ ਵਸੂਲ ਨਹੀਂ ਕੀਤੀ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਕਈ ਵਾਰ ਪਲਾਟ ਮਾਲਕਾਂ ਵਲੋਂ ਇਸ ਦਫਤਰ ਪਾਸੋਂ ਉਨ੍ਹਾਂ ਦੇ ਪਲਾਟ ਮਾਸਟਰ ਪਲੈਨ ਅਨੁਸਾਰ ਕਿਸ ਜੋਨ ਵਿੱਚ ਪੈਂਦਾ ਹੈ ਸਬੰਧੀ ਵੀ ਸਰਟੀਫਿਕੇਟ ਦੀ ਮੰਗ ਕੀਤੀ ਜਾਂਦੀ ਹੈ ਅਤੇ ਵਿਭਾਗ ਵਲੋਂ ਉਨ੍ਹਾਂ ਨੂੰ ਉਨ੍ਹਾਂ ਦੀ ਸਾਈਟ ਸਬੰਧੀ ਸਰਟੀਫਿਕੇਟ ਜਾਰੀ ਕੀਤਾ ਹੈ ਕਿ ਉਨ੍ਹਾਂ ਦੀ ਸਾਈਟ ਮਾਸਟਰ ਪਲੈਨ ਅਨੁਸਾਰ ਕਿਸ ਜੋਨ ਅਧੀਨ ਵਿੱਚ ਪੈਂਦੀ ਹੈ। ਪਰ ਇਹ ਸਰਟੀਫਿਕੇਟ ਜਾਰੀ ਕਰਨ ਸਮੇਂ ਵੀ ਵਿਭਾਗ ਵਲੋਂ ਕੋਈ ਅੱਲਗ ਤੋਰ ਤੇ ਫੀਸ ਵਸੂਲੀ ਨਹੀਂ ਜਾਂਦੀ ਹੈ। ਪਰ ਅਜਿਹੇ ਸਰਟੀਫਿਕੇਟ ਜਾਰੀ ਕਰਨ ਲਈ ਵਿਭਾਗ ਦੇ ਸਟਾਫ ਵਲੋਂ ਮੋਕਾ ਦੇਖਣ ਉਪਰੰਤ ਰਿਪੋਰਟ ਕੀਤੀ ਜਾਂਦੀ ਹੈ, ਜਿਸ ਕਾਰਨ ਕਾਫੀ ਸਮਾਂ ਬਰਬਾਦ ਹੁੰਦਾ ਹੈ ਅਤੇ ਨਗਰ ਨਿਗਮ ਨੂੰ ਵੀ ਕੋਈ ਵਿੱਤੀ ਲਾਭ ਨਹੀਂ ਹੁੰਦਾ ਹੈ।

ਇਸ ਲਈ ਇਹ ਤਜਵੀਜ ਕੀਤਾ ਜਾਂਦਾ ਹੈ ਕਿ ਉਪਰੋਕਤ ਦਰਸਾਏ ਗਏ ਸਰਟੀਫਿਕੇਟ ਅਤੇ ਇਸੇ ਤਰ੍ਹਾਂ ਦੇ ਹੋਰ ਸਰਟੀਫਿਕੇਟ ਜੋ ਇਸ ਦਫਤਰ ਵਲੋਂ ਪਹਿਲਾਂ ਬਿਨ੍ਹਾਂ ਕੋਈ ਫੀਸ ਵਸੂਲੇ ਜਾਰੀ ਕੀਤੇ ਜਾਂਦੇ ਸਨ, ਉਨ੍ਹਾਂ ਨੂੰ ਉਸੇ ਤਰ੍ਹਾਂ ਜਾਰੀ ਕਰਨ ਲਈ ਘੱਟੋ-ਘੱਟੋ ਰੁ:2,000/- ਪ੍ਰਤੀ ਸਰਟੀਫਿਕੇਟ ਫੀਸ ਨਿਰਧਾਰਿਤ ਕੀਤੀ ਜਾਵੇ, ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਹੋ ਸਕੇ। ਮਿਉਂਸੀਪਲ ਟਾਊਨ ਪਲੈਨਰ ਨੇ ਮਿਤੀ 28.9.2020 ਰਾਹੀਂ ਤਜਵੀਜ ਹਾਊਸ ਦੀ ਪ੍ਰਵਾਨਗੀ ਲੈਣ ਹਿਤ ਸ਼ਿਫਾਰਸ ਕੀਤੀ ਹੈ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 27.10.2020 ਤਜਵੀਜ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ।ਕਮਿਸ਼ਨਰ ਜੀ ਨੇ ਮਿਤੀ 29.10.2020 ਰਾਹੀਂ ਉਕਤ ਤਜਵੀਜ ਦੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਹਿਤ ਲਿਖਿਆ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 31.10.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 69

ਵਿਸ਼ਾ:– The Punjab One Time Voluntary disclosure and settlement of Building constructed in violation of Building Byelaws Act, 1976 (OTS) ਨੂੰ ਲਾਗੂ ਕਰਨ ਸਬੰਧੀ।

ਤਜਵੀਜ ਵਲੋਂ ਚੇਅਰਮੈਨ ਅਤੇ ਸਮੂਹ ਮੈਂਬਰਜ, ਬਿਲਡਿੰਗ ਐਡਹਾਕ ਕਮੇਟੀ, ਨਗਰ ਨਿਗਮ ਜਲੰਧਰ ਕਿ ਉਪਰੋਕਤ ਵਿਸ਼ੇ ਤਹਿਤ ਆਪ ਜੀ ਨੂੰ ਜਾਣੂ ਕਰਵਾਇਆ ਜਾਂਦਾ ਹੈ ਕਿ ਪੰਜਾਬ ਸਰਕਾਰ ਵਲੋਂ ਆਪਣੇ ਨੋਟੀਫਿਕੇਸ਼ਨ ਮਿਤੀ 05.03.2019 ਰਾਹੀਂ ਸਾਰੇ ਪੰਜਾਬ ਵਿੱਚ ਬਣ ਚੁੱਕੀਆਂ ਇਮਾਰਤਾਂ ਜਿਹੜੀਆਂ ਕਿ ਬਿਲਡਿੰਗ ਬਾਈਲਾਜ ਅਤੇ ਸਕੀਮਾਂ ਦੇ ਸ਼ਡਿਊਲਾਂ ਦੇ ਅਨੁਸਾਰ ਨਹੀਂ ਬਣੀਆਂ ਸਨ ਅਤੇ ਉਹਨਾਂ ਵਿੱਚ ਮੁੱਖ ਤੌਰ ਤੇ ਪਾਰਕਿੰਗ ਦੀ, ਹਾਉਸਲਾਈਨ ਦੀ, ਕਵਰਡ ਏਰੀਏ ਦੀ, ਐਫ.ਏ.ਆਰ. ਅਤੇ ਸੜਕਾਂ ਦੀ ਚੋੜਾਈ ਦੀ ਆਦਿ ਸਬੰਧੀ ਮੁੱਖ ਉਲੰਘਣਾਵਾਂ ਪਾਈਆਂ ਗਈਆਂ ਸਨ। ਸਰਕਾਰ ਨੇ ਇਹਨਾਂ ਉਲੰਘਣਾਵਾਂ ਨੂੰ ਨਿਯਮਿਤ ਕਰਨ ਲਈ ਉਕਤ ਪਾਲਿਸੀ ਦਾ ਗਠਨ ਕੀਤਾ ਹੈ। ਪਰੰਤੂ ਅਸੀਂ ਆਪ ਜੀ ਦੇ ਧਿਆਨ ਵਿੱਚ ਲੈ ਕੇ ਆਉਣਾ ਚਾਹੁੰਦੇ ਹਾਂ ਕਿ ਸਰਕਾਰ ਵਲੋਂ ਇਸ ਪਾਲਿਸੀ ਵਿੱਚ ਲਗਾਈਆਂ ਗਈਆਂ ਸ਼ਰਤਾਂ ਅਤੇ ਉਪਬੰਧ ਆਮ ਲੋਕਾਂ ਦੇ ਹਿੱਤ ਵਿੱਚ ਨਹੀਂ ਸਨ ਅਤੇ ਨਾ ਹੀ ਇਸ ਪਾਲਿਸੀ ਵਿੱਚ ਲਗਾਏ ਗਏ ਉਲੰਘਣਾਵਾਂ ਨੂੰ ਨਿਯਮਿਤ ਕਰਨ ਦੇ ਲੋਕ ਹਿੱਤ ਵਿੱਚ ਨਹੀਂ ਸਨ। ਜਿਸ ਕਾਰਨ ਇਹ ਪਾਲਿਸੀ ਪੂਰੇ ਪੰਜਾਬ ਵਿੱਚ ਆਮ ਲੋਕਾਂ ਵਲੋਂ ਸਵੀਕਾਰ ਨਹੀਂ ਕੀਤਾ ਗਿਆ ਅਤੇ ਲੋਕਾਂ ਵਲੋਂ ਇਸ ਵਿੱਚ ਲਗਾਈਆਂ ਗਈਆਂ ਸ਼ਰਤਾਂ ਬਹੁਤ ਸਖਤ ਹੋਣ ਕਾਰਨ ਇਸ ਪਾਲਿਸੀ ਨੂੰ ਭਰਵਾ ਹੁੰਗਾਰਾ ਨਹੀਂ ਮਿਲ ਸਕਿਆ। ਜਿਸ ਦੇ ਸਿੱਟੇ ਵਜੋਂ ਸਾਰੇ ਰਾਜ ਵਿੱਚ ਬਿਲਡਿੰਗਾਂ ਦੀਆਂ ਉਲੰਘਣਾਵਾਂ ਨਿਯਮਿਤ ਨਹੀਂ ਹੋ ਸਕੀਆਂ ਅਤੇ ਸਰਕਾਰ ਨੂੰ ਬਹੁਤ ਵੱਡੇ ਪੱਧਰ ਤੇ ਵਿੱਤੀ ਨੁਕਸਾਨ ਹੋਇਆ ਹੈ। ਜਿਸ ਨਾਲ ਅਰਬਨ ਲਾਕਲ ਬਾਡੀਜ਼ ਵਿੱਚ ਵਿਕਾਸ ਦੇ ਕੰਮਾਂ ਤੇ ਵਿਰਾਮ ਲੱਗਾ ਹੈ। ਇਸ ਪਾਲਿਸੀ ਨੂੰ ਸਰਕਾਰ ਵਲੋਂ ਫਿਲਹਾਲ ਰੋਕ ਕੇ ਇਸ ਵਿੱਚ ਹੋਰ ਸੋਧ ਕਰਨ ਲਈ ਸਾਰੇ ਪੰਜਾਬ ਵਿੱਚ ਸੁਝਾਵਾਂ ਦੀ ਮੰਗ ਕੀਤੀ ਗਈ ਸੀ। ਇਹ ਪਾਲਿਸੀ ਅਜੇ ਤੱਕ ਸਰਕਾਰ ਪੱਧਰ ਤੇ ਪੈਡਿੰਗ ਹੈ ਅਤੇ ਇਸ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਅਸੀਂ ਲੋਕ ਹਿੱਤਾਂ ਨੂੰ ਅਤੇ ਸ਼ਹਿਰਾਂ ਦੇ ਵਿਕਾਸ ਲਈ ਪ੍ਰਾਪਤ ਹੋਣ ਵਾਲੇ ਫੰਡਾਂ ਨੂੰ ਮੁੱਖ ਰੱਖਦੇ ਹੋਏ ਇਹ ਸੁਝਾਅ ਦਿੰਦੇ ਹਾਂ ਕਿ ਇਸ ਪਾਲਿਸੀ ਨੂੰ ਜਲਦੀ ਤੋਂ ਜਲਦੀ ਮੁੜ ਲਾਗੂ ਕੀਤਾ ਜਾਵੇ ਅਤੇ ਇਸ ਨੂੰ ***"As is Where is"*** ਦੇ ਆਧਰ ਤੇ ਇਸ ਪਾਲਿਸੀ ਨੂੰ ਲਾਗੂ ਕੀਤਾ ਜਾਵੇ। ਜਿਨ੍ਹਾਂ ਇਮਾਰਤਾਂ ਵਿੱਚ ਪਾਰਕਿੰਗ ਦੀ ਜਿੰਨੀ ਕਮੀ ਹੈ, ਉਸ ਨੂੰ ਸਰਕਾਰੀ/ਮਾਰਕਿਟ ਰੇਟ ਤੇ ਉਸ ਜਗ੍ਹਾਂ ਦੀ ਬਣਦੀ ਰਕਮ ਜਮ੍ਹਾ ਕਰਵਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਉਸਾਰੀਕਰਤਾ ਫਾਇਰ ਸਬੰਧੀ ਅਤੇ ਸਟਰਕਚਰ ਸਬੰਧੀ ਲੋੜੀਂਦੇ ਸਰਟੀਫਿਕੇਟ ਜਮ੍ਹਾ ਕਰਵਾਉਣ ਦਾ ਪਾਬੰਦ ਰਹੇਗਾ। ਜੇਕਰ ਇਹ ਸਰਕਾਰ ਇਸ ਪਾਲਿਸੀ ਨੂੰ ਲੋਕ ਹਿੱਤ ਵਿੱਚ ਜਾਰੀ ਕਰਦੀ ਹੈ, ਤਾਂ ਇਸ ਨਾਲ ਜਿੱਥੇ ਇਕ ਪਾਸੇ ਲੋਕਾਂ ਦੀਆਂ ਇਮਾਰਤਾਂ ਰੈਗੂਲਰ ਹੋ ਜਾਣਗੀਆਂ ਅਤੇ ਦੂਸਰੇ ਪਾਸੇ ਸ਼ਹਿਰਾ ਦੇ ਵਿਕਾਸ ਲਈ ਕਾਫੀ ਫੰਡ ਇਕੱਤਰ ਹੋ ਸਕਦੇ ਹਨ। ਇਸ ਲਈ ਸਾਡੀ ਬੇਨਤੀ ਹੈ ਕਿ ਇਸ ਮਤੇ ਨੂੰ ਨਗਰ ਨਿਗਮ ਦੇ ਹਾਊਸ ਵਲੋਂ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.10.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਪਾਰਕਿੰਗ ਸਬੰਧੀ ਸਰਕਾਰੀ/ਮਾਰਕਿਟ ਰੇਟ ਤੇ ਬਣਦੀ ਰਕਮ ਜਮ੍ਹਾਂ ਕਰਵਾਉਣ ਬਾਰੇ ਲਿਖਿਆ ਹੈ, ਨੂੰ ਨਕਾਰਿਆ ਜਾਂਦਾ ਹੈ ਅਤੇ As is where is ਦੇ ਆਧਾਰ ਤੇ ਹੀ ਇਸ ਪਾਲਿਸੀ ਨੂੰ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 70

ਵਿਸ਼ਾ:- ਪੰਜਾਬ ਰਾਜ ਦੇ ਸਥਾਨਕ ਸਰਕਾਰ ਵਿਭਾਗ ਵਿੱਚ ਨਕਸ਼ਿਆਂ ਅਤੇ ਹੋਰ ਸੇਵਾਵਾਂ ਲਈ ਆਨ-ਲਾਈਨ ਸਿਸਟਮ ਦੇ ਨਾਲ-ਨਾਲ ਆਫ-ਲਾਈਨ ਸਿਸਟਮ ਵੀ ਲਾਗੂ ਕਰਨ ਸਬੰਧੀ।

ਤਜਵੀਜ ਵਲੋਂ ਚੇਅਰਮੈਨ ਅਤੇ ਸਮੂਹ ਮੈਂਬਰਜ, ਬਿਲਡਿੰਗ ਐਡਹਾਕ ਕਮੇਟੀ, ਨਗਰ ਨਿਗਮ ਜਲੰਧਰ ਕਿ ਉਪਰੋਕਤ ਵਿਸ਼ੇ ਤਹਿਤ ਆਪ ਜੀ ਨੂੰ ਜਾਣੂ ਕਰਵਾਇਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵਲੋਂ ਆਪਣੇ ਹੁਕਮ ਮਿਤੀ 03.08.2020 ਰਾਹੀਂ ਇਹ ਆਦੇਸ਼ ਜਾਰੀ ਕੀਤੇ ਗਏ ਹਨ ਕਿ ਸਾਰੇ ਪੰਜਾਬ ਰਾਜ ਵਿੱਚ ਨਕਸ਼ਿਆਂ ਅਤੇ ਹੋਰ ਸੇਵਾਵਾਂ ਜਿਨ੍ਹਾਂ ਵਿੱਚ ਮੁੱਖ ਰੂਪ ਵਿੱਚ ਸੀ.ਐਲ.ਯੂ., ਕੰਪਲੀਸ਼ਨ, ਐਨ.ਓ.ਸੀ., ਟੈਲੀਕਮੁਨਿਕੇਸ਼ਨ ਟਾਵਰ ਅਤੇ ਲੇ-ਆਉਟ ਪਲੈਨ ਆਦਿ ਦੇ ਕੰਮ ਵੀ ਆਨ-ਲਾਈਨ ਸਿਸਟਮ ਰਾਹੀਂ ਹੀ ਕੀਤੇ ਜਾਣਗੇ। ਇਸ ਸਬੰਧ ਵਿੱਚ ਅਸੀਂ ਆਪ ਜੀ ਦਾ ਧਿਆਨ ਆਮ ਲੋਕਾਂ ਵਲੋਂ ਅਤੇ ਸ਼ਹਿਰ ਦੇ ਨਾਗਰਿਕਾਂ ਵਲੋਂ ਕੀਤੀ ਗਈ ਮੰਗ ਸਬੰਧੀ ਦਿਵਾਉਣਾ ਚਾਹੁੰਦੇ ਹਾਂ ਕਿ ਆਨ-ਲਾਈਨ ਸਿਸਟਮ ਲਾਗੂ ਹੋਣ ਉਪਰੰਤ ਸਾਫਟਵੇਅਰ ਵਿੱਚ ਬਹੁਤ ਸਾਰੀਆਂ ਤਕਨੀਕੀ ਖਾਮੀਆਂ ਹੋਣ ਕਾਰਨ ਆਮ ਲੋਕਾਂ ਵਲੋਂ ਜਮ੍ਹਾ ਕਰਵਾਇਆਂ ਗਈਆਂ ਫਾਇਲਾਂ ਵਿੱਚ ਬੇ-ਲੋੜਾ ਦੇਰੀ ਹੁੰਦੀ ਹੈ। ਜਿਥੋਂ ਤੱਕ ਆਮ ਲੋਕਾਂ ਦਾ ਸਬੰਧ ਹੈ, ਸਾਡੇ ਸਮਾਜ ਵਿੱਚ ਅਜੇ ਇੰਨੀ ਜਾਗਰੁਕਤਾ ਜਾਂ ਤਕਨੀਕੀ ਗਿਆਨ ਦਾ ਵਿਕਾਸ ਨਹੀਂ ਹੋਇਆ ਹੈ। ਜਿਸ ਕਾਰਨ ਇਕ ਆਮ ਨਾਗਰਿਕ ਨੂੰ ਸਾਫਟਵੇਅਰ ਦੀ ਸਮਝ ਨਹੀਂ ਹੁੰਦੀ ਹੈ। ਇਸ ਨਾਲ ਕਈ ਪ੍ਰਾਈਵੇਟ ਆਧਾਰੇ ਅਤੇ ਏਜੰਸੀਆਂ ਆਮ ਲੋਕਾਂ ਨੂੰ ਗੁਮਰਾਹ ਕਰਦੇ ਹਨ ਅਤੇ ਵਿੱਤੀ ਸ਼ੋਸ਼ਣ ਕਰਦੇ ਹਨ। ਇਸ ਤੋਂ ਇਲਾਵਾ ਸਬੰਧਤ ਸਾਫਟਵੇਅਰ ਵਿੱਚ ਬਹੁਤ ਸਾਰੀਆਂ ਖਾਮੀਆਂ ਹਨ। ਇੱਥੋਂ ਤੱਕ ਕਿ ਨਕਸ਼ਾ ਜਮ੍ਹਾ ਕਰਵਾਉਣ ਵਾਲਾ ਪ੍ਰਾਰਥੀ ਆਪਣੀ ਫਾਇਲ ਦੀ ਮੂਵਮੈਂਟ ਨੂੰ ਵੀ ਚੈਕ ਨਹੀਂ ਕਰ ਸਕਦਾ ਹੈ। ਇਸ ਦਾ ਸਾਰਾ ਕੰਟਰੋਲ ਪ੍ਰਾਈਵੇਟ ਏਜੰਸੀਆਂ/ਆਰਕੀਟੈਕਟਾਂ ਪਾਸ ਹੀ ਹੁੰਦਾ ਹੈ।

ਅਸੀਂ ਆਪ ਜੀ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦੇ ਹਾਂ ਕਿ ਸਾਰੇ ਦੇਸ਼ ਵਿੱਚ ਕੇਂਦਰ ਸਰਕਾਰ ਵਲੋਂ ਅਤੇ ਰਾਜ ਸਰਕਾਰ ਵਲੋਂ ਚਲਾਏ ਜਾ ਰਹੇ ਸਾਰੇ ਆਦਾਰਿਆਂ ਵਿੱਚ ਜਿਵੇਂ ਕਿ ਬੈਕਿੰਗ ਸੈਕਟਰ, ਐਲ.ਆਈ.ਸੀ., ਰੇਲਵੇ ਵਿਭਾਗ, ਰੋਡਵੇਜ਼ ਵਿਭਾਗ, ਸਕੂਲ ਸਿੱਖਿਆ ਵਿਭਾਗ, ਏਅਰਲਾਈਨ ਸਰਵਿਜਜ, ਨੈਸ਼ਨਲ ਹਾਈਵੇ ਆਦਿ ਸਾਰੇ ਆਦਾਰਿਆਂ ਵਿੱਚ ਆਫ-ਲਾਈਨ ਅਤੇ ਆਨ-ਲਾਈਨ ਦੀ ਸੁਵਿਧਾ ਬਰਾਬਰ ਚੱਲਦੀ ਹੈ। ਇਸ ਲਈ ਆਮ ਲੋਕਾਂ ਦੀ ਮੰਗ ਨੂੰ ਅਤੇ ਉਹਨਾਂ ਵਲੋਂ ਜਿਹੜੀਆਂ ਔਕੜ੍ਹਾਂ ਦਾ ਸਾਹਮਣਾ ਕੀਤਾ ਜਾਂਦਾ ਹੈ, ਅਸੀਂ ਉਸ ਨੂੰ ਆਪ ਜੀ ਦੇ ਸਨਮੁੱਖ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਡਾ ਇਹ ਸੁਝਾਅ ਹੈ ਕਿ ਆਨ-ਲਾਈਨ ਸਿਸਟਮ ਦੇ ਨਾਲ-ਨਾਲ ਆਫ ਲਾਈਨ ਸਿਸਟਮ ਵੀ ਲਾਗੂ ਕੀਤਾ ਜਾਣਾ ਬਣਦਾ ਹੈ। ਕਿਰਪਾ ਕਰਕੇ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ, ਤਾਂ ਜ਼ੋ ਅਸੀਂ ਆਪਣੇ ਸ਼ਹਿਰ ਵਾਸੀਆਂ ਅਤੇ ਸਮਾਜ ਦੇ ਲੋਕਾਂ ਵਿੱਚ ਇਕ ਸੁਖਾਲੀ ਲੋਕ ਪ੍ਰਣਾਲੀ ਨੂੰ ਲਾਗੂ ਕਰ ਸਕੀਏ। ਉਪਰੋਕਤ ਅਨੁਸਾਰ ਇਸ ਮਤੇ ਨੂੰ ਹਾਊਸ ਦੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.10.2020 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 71

ਵਿਸ਼ਾ:- ਅਮਰੂਤ ਸਕੀਮ ਅਧੀਨ ਜਲੰਧਰ ਸ਼ਹਿਰ ਵਿੱਚ ਨਵੇਂ ਸੀਵਰ ਟ੍ਰੀਟਮੇਂਟ ਪਲਾਂਟ ਬਣਾਉਣ ਅਤੇ ਪੁਰਾਣੇ ਸੀਵਰ ਟ੍ਰੀਟਮੇਂਟ ਪਲਾਂਟ ਨੂੰ ਰਿਪੇਅਰ ਕਰਵਾਉਣ ਸਬੰਧੀ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਸਾਲ 2015 ਵਿੱਚ ਭਾਰਤ ਸਰਕਾਰ ਵਲੋਂ ਅਮਰੂਤ ਯੋਜਨਾ ਚਲਾਈ ਗਈ ਸੀ, ਜਿਸ ਵਿੱਚ ਜਲੰਧਰ ਸ਼ਹਿਰ ਦੇ ਸਟੇਟ ਐਨੁਅਲ ਐਕਸ਼ਨ ਪਲਾਨ ਵਿੱਚ ਫੋਲੜੀਵਾਲ ਵਿਖੇ ਬਣੇ ਹੋਏ ਪੁਰਾਣੇ 100 ਐਮ.ਐਲ.ਡੀ ਸੀਵਰ ਟ੍ਰੀਟਮੇਂਟ ਪਲਾਂਟ ਨੂੰ ਰਿਪੇਅਰ ਕੀਤਾ ਜਾਣਾ ਸੀ, ਜਿਸ ਵਾਸਤੇ ਪੀ.ਐਮ.ਆਈ.ਡੀ.ਸੀ ਵਲੋਂ ਇਸ ਪਲਾਂਟ ਨੂੰ ਨਵੇਂ ਤੌਰ ਤੇ ਅਤੇ ਨਵੀਂ ਟੈਕਨੋਲਜੀ ਨਾਲ ਬਣਾਉਣ ਵਾਸਤੇ ਰੁਪਏ 126.57 ਕਰੌੜ ਦਾ ਪ੍ਰੋਜੈਕਟ ਤਿਆਰ ਕੀਤਾ ਗਿਆ ਸੀ, ਜਿਸ ਵਾਸਤੇ ਨਗਰ ਨਿਗਮ ਜਲੰਧਰ ਦੇ ਜਰਨਲ ਹਾਊਸ ਵਲੋਂ ਮਿਤੀ 05-12-2016 ਨੂੰ ਮਤਾ ਨੰਬਰ 114 ਪ੍ਰਵਾਨ ਕੀਤਾ ਗਿਆ।

ਸਾਲ 2019 ਵਿੱਚ ਇਸ ਪ੍ਰੋਜੈਕਟ ਨੂੰ ਸਥਾਨਕ ਸਰਕਾਰ ਲੈਵਲ ਤੇ ਮੁੜ ਧਿਆਨ ਵਿੱਚ ਲਿਆਂਦਾ ਗਿਆ ਅਤੇ ਮਾਨਯੋਗ ਨੈਸ਼ਨਲ ਗਰੀਨ ਟਰਬਿਊਨਲ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਜਲੰਧਰ ਸ਼ਹਿਰ ਦੇ ਸੀਵਰ ਸਿਸਟਮ ਦੀ ਫੀਜੀਬਿਲਟੀ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ। ਇਸ ਫੀਜੀਬਿਲਟੀ ਰਿਪੋਰਟ ਦੇ ਵਿੱਚ ਦਸਿਆ ਗਿਆ ਕਿ ਜਲੰਧਰ ਸ਼ਹਿਰ ਵਿੱਚ ਕੁੱਲ 300 ਐਮ.ਐਲ.ਡੀ ਸੀਵਰੇਜ਼ ਦਾ ਪਾਣੀ ਜਨਰੇਟ ਹੁੰਦਾ ਹੈ, ਜਿਸ ਵਿਚੋਂ ਹਾਲ ਦੀ ਘੜੀ ਵਿੱਚ ਲਗੇ ਹੋਏ 6 ਸੀਵਰ ਟ੍ਰੀਟਮੇਂਟ ਪਲਾਂਟ 235 ਐਮ.ਐਲ.ਡੀ ਸੀਵਰੇਜ਼ ਦਾ ਪਾਣੀ ਟ੍ਰੀਟ ਕਰ ਰਹੇ ਹਨ ਅਤੇ ਇਸ ਤੋਂ ਇਲਾਵਾ 2 ਨਵੇਂ ਸੀਵਰ ਟ੍ਰੀਟਮੇਂਟ ਪਲਾਂਟ ਬਣਾਉਣ ਦੀ ਲੋੜ ਹੈ ਤਾਂ ਜ਼ੋ ਕਾਲਾ ਸਿੰਘਿਆ ਡਰੇਨ ਅਤੇ ਗੜਾ ਡਰੇਨ ਵਿੱਚ ਬਿਨਾ ਟ੍ਰੀਟਮੇਂਟ ਤੋਂ ਸੀਵਰੇਜ਼ ਦਾ ਪਾਣੀ ਨਾ ਜਾਵੇ। ਇਸ ਤੋਂ ਇਲਾਵਾ ਫੋਲੜੀਵਾਲ ਵਿਖੇ ਲਗੇ ਹੋਏ ਪੁਰਾਣੇ 100 ਐਮ.ਐਲ.ਡੀ ਸੀਵਰੇਜ਼ ਟ੍ਰੀਟਮੇਂਟ ਪਲਾਂਟ ਨੂੰ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੀ ਨਵੀਂ ਨੋਟੀਫਿਕੇਸ਼ਨ ਦੇ ਹਿਸਾਬ ਨਾਲ ਟ੍ਰੀਟੇਡ ਪਾਣੀ ਦੀ ਕੁਆਲਟੀ ਵਾਸਤੇ ਰਿਪੇਅਰ ਕਰਨ ਦੇ ਪ੍ਰੋਜੈਕਟ ਦੀ ਵੀ ਜਰੂਰਤ ਦਸੀ ਗਈ। ਅਮਰੂਤ ਸਕੀਮ ਅਧੀਨ ਸੀਵਰੇਜ਼ ਨੂੰ ਟ੍ਰੀਟ ਕਰਨ ਦੇ ਪ੍ਰੋਜੈਕਟ ਹੇਠ ਲਿਖੇ ਅਨੁਸਾਰ ਹਨ:-

Sr. No.	Name of Project	Project Cost
1	Rehabilitation of 100 MLD STP and 2 nos. MPS including O&M for 6.5 years at Pholriwal	68.59 Cr.
2	Construction of New 50 MLD STP at Pholriwal	
3	Construction of New 15 MLD STP at Basti Peer Dad	23.00 Cr.
4	Construction of New 5 MLD ETP at Jamsher Dairy Complex	10.00 Cr.

ਉਪਰੋਕਤ ਪ੍ਰੋਜੈਕਟਾਂ ਨੂੰ ਅਮਰੂਤ ਸਕੀਮ ਅਧੀਨ ਬਣਾਇਆ ਜਾਣਾ ਹੈ, ਜਿਸ ਵਿੱਚ ਭਾਰਤ ਸਰਕਾਰ ਵਲੋਂ 50% ਪੰਜਾਬ ਸਰਕਾਰ ਵਲੋਂ 30% ਅਤੇ ਨਗਰ ਨਿਗਮ ਜਲੰਧਰ ਵਲੋਂ 20% ਖਰਚ ਕੀਤੇ ਜਾਣੇ ਹਨ। ਇਨ੍ਹਾਂ ਪ੍ਰੋਜੈਕਟਾਂ ਨੂੰ ਮਾਨਯੋਗ ਨੈਸ਼ਨਲ ਗਰੀਨ ਟਰਬਿਊਨਲ ਵਲੋਂ ਦਿੱਤੀਆਂ ਗਈਆਂ ਟਾਈਮ ਲਾਈਨਾਂ ਅਧੀਨ ਬਣਾਉਣਾ ਅਤਿ ਜਰੂਰੀ ਹੈ। ਇਸ ਲਈ ਉਪਰੋਕਤ ਸਬੰਧੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ ਜੀ। ਕਮਿਸ਼ਨਰ ਜੀ ਨੇ ਮਿਤੀ 14.7.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 22.7.2020 ਨੂੰ ਉਕਤ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 72

ਵਿਸ਼ਾ:– Engagement of Un-Skilled Labour for cleaning of Road Gully chambers in all ward of Jalandhar city during rainy season for 3 months through outsourcing agency

Est. Amount Rs. 74,95,200/-

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 1.7.2020 ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਰਿਪੋਰਟ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਵਿੱਚ ਇਸ ਵਕਤ 80 ਵਾਰਡ ਹਨ ਅਤੇ ਇਨ੍ਹਾਂ ਵਾਰਡਾਂ ਅਧੀਨ ਪੈਂਦੇ ਵੱਖ–ਵੱਖ ਇਲਾਕਿਆਂ ਵਿੱਚ ਸੀਵਰ ਦੀ ਸਮੱਸਿਆ ਨੂੰ ਹੱਲ ਕਰਨ ਵਾਸਤੇ ਨਗਰ ਨਿਗਮ ਜਲੰਧਰ ਅਧੀਨ ਸੀਵਰਮੈਨਾ ਦੀ 510 ਪੋਸਟਾਂ ਸੈਕਸ਼ਨ ਹਨ, ਜਿਨ੍ਹਾਂ ਵਿਚੋਂ ਇਸ ਵਕਤ 384 ਸੀਵਰਮੈਨ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਸੀਵਰਮੈਨਾਂ ਵਲੋਂ ਸੀਵਰ ਦੀ ਮੇਨਟੀਨੈਂਸ, ਡਿਸਪੋਜਲ, ਟਰੈਕਟਰ ਅਤੇ ਸਲਜ ਇੰਜਨ ਚਲਾਉਣ ਦਾ ਕੰਮ ਕੀਤਾ ਜਾਂਦਾ ਹੈ। ਇਥੇ ਇਹ ਦਸਿਆ ਜਾਂਦਾ ਹੈ ਕਿ ਜਲੰਧਰ ਨਗਰ ਨਿਗਮ ਦੀ ਹਦੂਦ ਵਿੱਚ ਬਹੁਤ ਜਿਆਦਾ ਵਾਧਾ ਹੋ ਚੁੱਕਾ ਹੈ ਅਤੇ ਸ਼ਹਿਰ ਦੀ Population ਵੀ ਬਹੁਤ ਜਿਆਦਾ ਵੱਧ ਚੁੱਕੀ ਹੈ। ਨਗਰ ਨਿਗਮ ਜਲੰਧਰ ਵਿੱਚ ਪਹਿਲਾਂ ਹੀ ਸੀਵਰਮੈਨ ਸਟਾਫ ਦੀ ਬਹੁਤ ਜਿਆਦਾ ਘਾਟ ਹੈ। ਆਉਣ ਵਾਲੇ ਸਮੇਂ ਵਿੱਚ ਬਰਸਾਤੀ ਮੌਸਮ ਮੁੱਖ ਰੱਖਦੇ ਹੋਏ ਜਲੰਧਰ ਸ਼ਹਿਰ ਅਧੀਨ ਆਉਂਦੀਆਂ ਸਾਰੀਆਂ ਸੜਕਾਂ ਤੇ ਬਰਸਾਤਾਂ ਦੋਰਾਨ ਇੱਕਠੇ ਹੋਣ ਵਾਲੇ ਪਾਣੀ ਦੀ ਨਿਕਾਸੀ ਰੋਡ ਗੱਲੀ ਚੈਂਬਰਾ ਰਾਹੀਂ ਕੀਤੀ ਜਾਂਦੀ ਹੈ। ਬਰਸਾਤਾਂ ਦੋਰਾਨ ਇਨ੍ਹਾਂ ਰੋਡ ਗੱਲੀ ਚੈਂਬਰਾ ਵਿੱਚ ਮਿੱਟੀ ਆਦਿ ਚੱਲੀ ਜਾਂਦੀ ਹੈ ਅਤੇ ਇਹ ਰੋਡ ਗੱਲੀਆਂ ਬਲੋਕ ਹੋ ਜਾਂਦੀਆਂ ਹਨ, ਜਿਸ ਕਾਰਨ ਬਰਸਾਤੀ ਪਾਣੀ ਦੀ ਨਿਕਾਸੀ ਨੂੰ ਕਾਫੀ ਸਮਾਂ ਲਗ ਜਾਂਦਾ ਹੈ ਅਤੇ ਆਮ ਜਨਤਾ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਰਸਾਤੀ ਪਾਣੀ ਦੀ ਜਲਦੀ ਨਿਕਾਸੀ ਕਰਨ ਲਈ ਇਨ੍ਹਾਂ ਰੋਡ ਗੱਲੀ ਚੈਂਬਰਾ ਨੂੰ ਸਮੇਂ ਸਮੇਂ ਸਿਰ ਸਾਫ ਕਰਵਾਉਣਾ ਅਤਿ ਜਰੂਰੀ ਹੁੰਦਾ ਹੈ। ਮਾਨਯੋਗ ਮੇਅਰ ਸਾਹਿਬ ਜੀ ਵਲੋਂ ਇਹ ਹੁਕਮ ਕੀਤੇ ਗਏ ਹਨ ਕਿ ਬਰਸਾਤਾਂ ਤੋਂ ਪਹਿਲਾਂ ਸਾਰੀਆਂ ਰੋਡ ਗੱਲੀਆਂ ਸਾਫ ਕਰਨ ਵਾਸਤੇ ਅਣ–ਸਕਿਲਡ ਲੇਬਰ ਅਗਲੇ ਤਿੰਨ ਮਹੀਨਿਆਂ ਵਾਸਤੇ ਰੱਖੀ ਜਾਵੇ ਤਾਂ ਜ਼ੋ ਸ਼ਹਿਰ ਦੇ ਵਸਨੀਕਾਂ ਨੂੰ ਆਉਣ ਵਾਲੀ ਸਮੱਸਿਆ ਤੋਂ ਛੁਟਕਾਰਾ ਦਵਾਇਆ ਜਾ ਸਕੇ।ਇਸ ਉਪਰੰਤ ਨਗਰ ਨਿਗਮ ਦੇ ਓ.ਐਂਡ.ਐਮ ਸੈਲ ਵਲੋਂ ਨਗਰ ਨਿਗਮ ਦੇ 80 ਵਾਰਡਾਂ ਵਿੱਚ ਪ੍ਰਤੀ ਵਾਰਡ 2 ਅਤੇ ਮੇਨ ਸੜਕਾਂ ਵਾਸਤੇ 20 ਅਣ–ਸਕਿਲਡ ਲੇਬਰ ਬਰਸਾਤਾ ਦੋਰਾਨ ਤਿੰਨ ਮਹੀਨੇ ਲਈ ਆਉਣ ਸੋਰਸ ਰਾਹੀਂ ਰੱਖਣ ਲਈ ਤਖਮੀਨਾ ਰੁਪਏ 74,95,200/– ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਉਪਰੋਕਤ ਕੰਮ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਮਿਲਣ ਉਪਰੰਤ ਟੈਂਡਰ ਲਗਾ ਕੇ ਘੱਟ ਅਤੇ ਵਾਜਿਬ ਰੇਟਾਂ ਵਾਲੀ ਅਜੰਸੀ ਤੋਂ ਕਰਵਾਇਆ ਜਾਵੇਗਾ।

ਇਥੇ ਇਹ ਦਸਣ ਯੋਗ ਹੈ ਕਿ ਕੋਰੋਨਾ ਵਾਇਰਸ ਦੇ ਪ੍ਰਕੋਪ ਕਾਰਨ ਨਗਰ ਨਿਗਮ ਹਾਊਸ ਦੀ ਮੀਟਿੰਗ ਨੂੰ ਅਜੇ ਸਮਾਂ ਲਗ ਸਕਦਾ ਹੈ। ਇਸ ਲਈ ਆਉਣ ਵਾਲੇ ਬਰਸਾਤੀ ਮੌਸਮ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਵਿਸ਼ੇ ਅਧੀਨ ਅਣ–ਸਕਿਲਡ ਲੇਬਰ ਆਉਟ ਸੋਰਸ ਰਾਹੀਂ ਰੱਖਣ ਲਈ ਤਖਮੀਨਾ ਰੁਪਏ 74,95,200/– ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 2.7.2020 ਰਾਹੀਂ ਲਿਖਿਆ ਹੈ ਕਿ "Keeping in view the raining season short of staff and public interest proposal may be allowed. Approval from the House may be taken post-facto. To be allowed with the condition that no further extension be given. ਮਾਨਯੋਗ ਮੇਅਰ ਜੀ ਨੇ ਮਿਤੀ 3.7.2020 ਰਾਹੀਂ ਪ੍ਰਵਾਨਗੀ ਦਿੱਤੀ ਹੈ ।

ਤਜਵੀਜ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 73
ਵਿਸ਼ਾ:– Estimate for Electrical and Instrumentation repair of 50 MLD STP at Basti Peer Dad

ਤਖਮੀਨਾ ਰੁਪਏ 47,29,395/–

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਬਸਤੀ ਪੀਰ ਦਾਦ ਵਿਖੇ 50 ਐਮ.ਐਲ.ਡੀ ਸੀਵਰੇਜ਼ ਟ੍ਰੀਟਮੇਂਟ ਪਲਾਂਟ ਜ਼ੋ ਕਿ ਸਾਲ 2014 ਵਿੱਚ ਮਹਿਕਮਾਂ ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਜਲੰਧਰ ਵਲੋਂ ਬਣਾਇਆ ਗਿਆ ਸੀ ਅਤੇ ਮਿਤੀ 01.07.2016 ਨੂੰ ਨਗਰ ਨਿਗਮ ਜਲੰਧਰ ਨੂੰ ਹੈਂਡ ਓਵਰ ਕਰ ਦਿੱਤਾ ਗਿਆ ਸੀ। ਇਸ ਪਲਾਂਟ ਦੇ ਇਕਰਾਰਨਾਮੇ ਮੁਤਾਬਿਕ ਅਜੰਸੀ ਵਲੋਂ ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਮ ਮਿਤੀ 30.08.2019 ਤੱਕ ਕੀਤਾ ਜਾਣਾ ਸੀ। ਇਸ ਪਲਾਂਟ ਨੂੰ ਅਗਲੇ 5 ਸਾਲਾਂ ਵਾਸਤੇ ਨਿਰਵਿਘਣ ਚਲਾਉਣ ਲਈ ਨਵੇਂ ਟੈਂਡਰ ਲਗਾਏ ਗਏ ਸਨ, ਜਿਸ ਵਿੱਚ ਦੇਰੀ ਹੋਣ ਕਾਰਨ ਕੰਮ ਕਰ ਰਹੀ ਅਜੰਸੀ ਦੇ ਟਾਇਮ ਦੀ ਐਕਸਟੇਸ਼ਨ ਮਿਤੀ 31.01.2020 ਤੱਕ ਵਿੱਤ ਅਤੇ ਠੇਕਾ ਕਮੇਟੀ ਵਲੋਂ ਕੀਤੀ ਗਈ ਸੀ। ਇਸ ਪਲਾਂਟ ਨੂੰ ਨਵੀਂ ਅਜੰਸੀ ਨੂੰ ਮਿਤੀ 01.02.2020 ਨੂੰ ਹੈਂਡ ਓਵਰ ਕਰ ਦਿੱਤਾ ਗਿਆ ਹੈ। ਹੈਂਡ ਓਵਰ ਕਰਨ ਤੋਂ ਪਹਿਲਾਂ ਦੋਵੇਂ ਠੇਕੇਦਾਰਾਂ ਵਲੋਂ ਇੱਕ ਜੁਆਇੰਟ ਵਿਜਿਟ ਕੀਤੀ ਗਈ ਸੀ, ਜਿਸ ਵਿੱਚ ਪਲਾਂਟ ਵਿੱਚ ਕਾਫੀ ਕਮੀਆਂ ਪਾਈਆਂ ਗਈਆਂ ਸੀ, ਇਸ ਲਈ ਇਸ ਪਲਾਂਟ ਦੀ ਡਿਸਕਰੀਪੈਂਸੀ ਲਿਸਟ ਤਿਆਰ ਕਰਨ ਵਾਸਤੇ ਇਸ ਪਲਾਂਟ ਦੀ ਟੈਕਨੋਲਜੀ ਪ੍ਰਵਾਇਡਰ ਕੰਪਨੀ ਸੀ–ਟੈਕ ਨੂੰ ਲਿਖਿਆ ਗਿਆ ਸੀ, ਜਿਨ੍ਹਾਂ ਵਲੋਂ ਮਿਤੀ 10.01.2020 ਨੂੰ ਆਪਣੀ ਰਿਪੋਰਟ ਭੇਜੀ ਗਈ, ਜਿਸ ਵਿੱਚ ਪਲਾਂਟ ਦੀਆਂ ਕਮੀਆਂ ਨੂੰ ਵੀ ਲਿਸਟ ਕੀਤਾ ਗਿਆ ਸੀ ਜ਼ੋ ਕਿ ਤਖਮੀਨੇ ਵਿੱਚ ਹੈ ।

ਇਸ ਉਪਰੰਤ ਪੁਰਾਣੇ ਠੇਕੇਦਾਰ ਮੈਸ: ਗੋਂਦਵਾਨਾ ਇੰਜੀਨੀਅਰ, ਨਾਗਪੁਰ ਨੂੰ ਨਿਗਰਾਨ ਇੰਜੀਨੀਅਰ ਦੇ ਦਫਤਰ ਵਲੋਂ ਚਾਰ ਵਾਰ ਅਲਗ–ਅਲਗ ਪੱਤਰ ਰਾਹੀਂ ਪਲਾਂਟ ਨੂੰ ਠੀਕ ਕਰਵਾਉਣ ਅਤੇ ਡੀ.ਐਨ.ਆਈ.ਟੀ ਦੀਆਂ ਸ਼ਰਤਾਂ ਮੁਤਾਬਿਕ ਪਲਾਂਟ ਨੂੰ ਹੈਂਡ ਓਵਰ ਕਰਨ ਵਾਸਤੇ ਲਿਖਿਆ ਗਿਆ ਸੀ ਪਰੰਤੂ ਪੁਰਾਣੇ ਠੇਕੇਦਾਰ ਵਲੋਂ ਪਲਾਂਟ ਨੂੰ ਬਿਨ੍ਹਾਂ ਰਿਪੇਅਰ ਕਰਵਾਏ ਹੀ ਹੈਂਡ ਓਵਰ ਕਰ ਦਿੱਤਾ ਗਿਆ ਹੈ। ਪੁਰਾਣੇ ਖਤਮ ਹੋਏ ਕੰਟਰੈਕਟ ਦੀ ਡੀ.ਐਨ.ਆਈ.ਟੀ ਅਤੇ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਇਸ ਪਲਾਂਟ ਨੂੰ ਸਹੀ ਤਰੀਕੇ ਨਾਲ ਚਾਲੂ ਕਰਨ ਲਈ ਲੋੜੀਂਦੀ ਰਿਪੇਅਰ ਕਰਾਉਣ ਦਾ ਕੰਮ ਨਗਰ ਨਿਗਮ ਵਲੋਂ ਕਰਵਾਇਆ ਜਾਣਾ ਹੈ। ਇਸ ਲਈ ਪਲਾਂਟ ਦੀ Electrical and Instrumentation Repair ਵਾਸਤੇ ਤਖਮੀਨਾ ਰੁਪਏ 47,29,395/– ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਇਸ ਰਿਪੇਅਰ ਦੇ ਖਰਚੇ ਦੀ ਕਟੌਤੀ ਪੁਰਾਣੇ ਠੇਕੇਦਾਰ ਮੈਸ ਗੋਂਦਵਾਨਾ ਇੰਜੀਨੀਅਰ, ਨਾਗਪੁਰ ਦੇ ਫਾਇਨਲ ਬਿਲ ਵਿੱਚੋਂ ਕੀਤੀ ਜਾਣੀ ਹੈ। ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਮਾਨਯੋਗ ਐਨ.ਜੀ.ਟੀ ਵਲੋਂ ਬਣਾਈ ਗਈ ਮੋਨੀਟਰਿੰਗ ਕਮੇਟੀ ਵਲੋਂ ਇਸ ਪਲਾਂਟ ਦੀ ਨਿਗਰਾਨੀ ਕੀਤੀ ਜਾ ਰਹੀ ਹੈ, ਇਸ ਲਈ ਇਸ ਪਲਾਂਟ ਨੂੰ ਰਿਪੇਅਰ ਕਰਵਾਉਣਾਂ ਅਤਿ ਜਰੂਰੀ ਹੈ ਤਾਂ ਜ਼ੋ ਮੋਨੀਟਰਿੰਗ ਕਮੇਟੀ ਦੀ ਅਗਲੀ ਵਿਜਿਟ ਆਉਣ ਤੋਂ ਪਹਿਲਾਂ ਇਸ ਪਲਾਂਟ ਨੂੰ ਰਿਪੇਅਰ ਕਰਵਾਇਆ ਜਾ ਸਕੇ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਪਲਾਟ ਦੀ ਰਿਪੇਅਰ ਕਰਵਾਉਣ ਵਾਸਤੇ ਤਖਮੀਨਾ ਰੁਪਏ 47,29,395/– ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ।

ਇਸ ਤਖਮੀਨੇ ਦੀ ਨਗਰ ਨਿਗਮ ਹਾਊਸ ਤੋਂ ਪੂਰਵ ਪ੍ਰਵਾਨਗੀ ਵਾਸਤੇ ਮਾਨਯੋਗ ਮੇਅਰ ਜੀ ਵਲੋਂ ਮਿਤੀ 11.03.2020 ਰਾਹੀਂ ਡੀ.ਸੀ.ਐਫ.ਏ ਤੋਂ ਕਮੈਂਟਸ ਲੈਣ ਲਈ ਲਿਖਿਆ ਗਿਆ ਸੀ, ਜਿਸ ਉਪਰੰਤ ਡੀ.ਸੀ.ਐਫ.ਏ ਵਲੋਂ ਮਿਤੀ 18.03.2020 ਰਾਹੀਂ ਲਿਖਿਆ ਗਿਆ ਕਿ ਪੁਰਾਣੇ ਠੇਕੇਦਾਰ ਦੇ ਇਕਰਾਰਨਾਮੇ ਦੀਆਂ ਸ਼ਰਤਾਂ ਮੁਤਾਬਿਕ ਇਹ ਕੰਮ ਉਸ ਦੇ ਰਿਸਕ ਐਂਡ ਕੋਸਟ ਤੇ ਟੈਂਡਰ ਲਗਾ ਕੇ ਕਰਵਾਇਆ ਜਾਵੇ ਅਤੇ ਇਸ ਠੇਕੇਦਾਰ ਨੂੰ ਡੀ–ਬਾਰ ਕਰਕੇ ਇਸ ਨੂੰ ਅਜੰਡੇ ਦਾ ਹਿਸਾ ਬਣਾਇਆ ਜਾਵੇ। ਇਸ ਉਪਰੰਤ ਨਿਗਰਾਨ ਇੰਜੀਨੀਅਰ ਵਲੋਂ ਮਿਤੀ 30.03.2020 ਰਾਹੀਂ ਲਿਖਿਆ ਗਿਆ ਕਿ ਮੈਸ: ਗੋਦਵਾਨਾ ਇੰਜੀਨੀਅਰਜ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰਬਰ ਐਸ.ਈ/312 ਮਿਤੀ 19.03.2020 ਰਾਹੀਂ ਅੰਤਿਮ ਨੋਟਿਸ ਦਿੱਤਾ ਗਿਆ, ਜਿਸ ਉਪਰੰਤ ਨਾ ਹੀ ਠੇਕੇਦਾਰ ਵਲੋਂ ਪਲਾਂਟ ਦੀ ਰਿਪੇਅਰ ਦਾ ਕੰਮ ਸ਼ੁਰੂ ਕੀਤਾ ਗਿਆ ਅਤੇ ਨਾ ਹੀ ਇਸ ਪੱਤਰ ਦਾ ਜਵਾਬ ਦਿੱਤਾ ਗਿਆ। ਇਸ ਉਪਰੰਤ ਮਾਨਯੋਗ ਮੇਅਰ ਜੀ ਵਲੋਂ ਮਿਤੀ 12.05.2020 ਰਾਹੀਂ ਇਸ ਤਖਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਦਿੱਤੀ ਗਈ ਅਤੇ ਇਸ ਸਾਰੇ ਪ੍ਰੋਸੀਜਰ ਨੂੰ ਅਜੰਡੇ ਦੇ ਵਿੱਚ ਸ਼ਾਮਿਲ ਕਰਨ ਲਈ ਕਿਹਾ ਗਿਆ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਤਖਮੀਨੇ ਦੀ ਅੰਤਿਮ ਪ੍ਰਵਾਨਗੀ ਲਈ ਇਹ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
1.12.2020

ਮਤਾ ਨੰ: 74

ਵਿਸ਼ਾ:– Estimate for Civil and Mechanical Repair of 50 MLD STP at Basti Peer Dad

ਤਖਮੀਨਾ ਰੁਪਏ 41,02,158/–

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਬਸਤੀ ਪੀਰ ਦਾਦ ਵਿਖੇ 50 ਐਮ.ਐਲ.ਡੀ ਸੀਵਰੇਜ਼ ਟ੍ਰੀਟਮੇਂਟ ਪਲਾਂਟ ਜ਼ੋ ਕਿ ਸਾਲ 2014 ਵਿੱਚ ਮਹਿਕਮਾਂ ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਜਲੰਧਰ ਵਲੋਂ ਬਣਾਇਆ ਗਿਆ ਸੀ ਅਤੇ ਮਿਤੀ 01.07.2016 ਨੂੰ ਨਗਰ ਨਿਗਮ ਜਲੰਧਰ ਨੂੰ ਹੈਂਡ ਓਵਰ ਕਰ ਦਿੱਤਾ ਗਿਆ ਸੀ। ਇਸ ਪਲਾਂਟ ਦੇ ਇਕਰਾਰਨਾਮੇ ਮੁਤਾਬਿਕ ਅਜੰਸੀ ਵਲੋਂ ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਮ ਮਿਤੀ 30.08.2019 ਤੱਕ ਕੀਤਾ ਜਾਣਾ ਸੀ। ਇਸ ਪਲਾਂਟ ਨੂੰ ਅਗਲੇ 5 ਸਾਲਾਂ ਵਾਸਤੇ ਨਿਰਵਿਘਣ ਚਲਾਉਣ ਲਈ ਨਵੇਂ ਟੈਂਡਰ ਲਗਾਏ ਗਏ ਸਨ, ਜਿਸ ਵਿੱਚ ਦੇਰੀ ਹੋਣ ਕਾਰਨ ਕੰਮ ਕਰ ਰਹੀ ਅਜੰਸੀ ਦੇ ਟਾਇਮ ਦੀ ਐਕਸਟੇਸ਼ਨ ਮਿਤੀ 31.01.2020 ਤੱਕ ਵਿੱਤ ਅਤੇ ਠੇਕਾ ਕਮੇਟੀ ਵਲੋਂ ਕੀਤੀ ਗਈ ਸੀ। ਇਸ ਪਲਾਂਟ ਨੂੰ ਨਵੀਂ ਅਜੰਸੀ ਨੂੰ ਮਿਤੀ 01.02.2020 ਨੂੰ ਹੈਂਡ ਓਵਰ ਕਰ ਦਿੱਤਾ ਗਿਆ ਹੈ। ਹੈਂਡ ਓਵਰ ਕਰਨ ਤੋਂ ਪਹਿਲਾਂ ਦੋਵੇਂ ਠੇਕੇਦਾਰਾਂ ਵਲੋਂ ਇੱਕ ਜੁਆਇੰਟ ਵਿਜਿਟ ਕੀਤੀ ਗਈ ਸੀ, ਜਿਸ ਵਿੱਚ ਪਲਾਂਟ ਵਿੱਚ ਕਾਫੀ ਕਮੀਆਂ ਪਾਈਆਂ ਗਈਆਂ ਸੀ, ਇਸ ਲਈ ਇਸ ਪਲਾਂਟ ਦੀ ਡਿਸਕਰੀਪੈਂਸੀ ਲਿਸਟ ਤਿਆਰ ਕਰਨ ਵਾਸਤੇ ਇਸ ਪਲਾਂਟ ਦੀ ਟੈਕਨੋਲਜੀ ਪ੍ਰਵਾਇਡਰ ਕੰਪਨੀ ਸੀ–ਟੈਕ ਨੂੰ ਲਿਖਿਆ ਗਿਆ ਸੀ, ਜਿਨ੍ਹਾਂ ਵਲੋਂ ਮਿਤੀ 10.01.2020 ਨੂੰ ਆਪਣੀ ਰਿਪੋਰਟ ਭੇਜੀ ਗਈ, ਜਿਸ ਵਿੱਚ ਪਲਾਂਟ ਦੀਆਂ ਕਮੀਆਂ ਨੂੰ ਵੀ ਲਿਸਟ ਕੀਤਾ ਗਿਆ ਸੀ ਜ਼ੋ ਕਿ ਤਖਮੀਨੇ ਵਿੱਚ ਹੈ ।

ਇਸ ਉਪਰੰਤ ਪੁਰਾਣੇ ਠੇਕੇਦਾਰ ਮੈਸ: ਗੋਂਦਵਾਨਾ ਇੰਜੀਨੀਅਰ, ਨਾਗਪੁਰ ਨੂੰ ਨਿਗਰਾਨ ਇੰਜੀਨੀਅਰ ਦੇ ਦਫਤਰ ਵਲੋਂ ਚਾਰ ਵਾਰ ਅਲਗ–ਅਲਗ ਪੱਤਰ ਰਾਹੀਂ ਪਲਾਂਟ ਨੂੰ ਠੀਕ ਕਰਵਾਉਣ ਅਤੇ ਡੀ.ਐਨ.ਆਈ.ਟੀ ਦੀਆਂ ਸ਼ਰਤਾਂ ਮੁਤਾਬਿਕ ਪਲਾਂਟ ਨੂੰ ਹੈਂਡ ਓਵਰ ਕਰਨ ਵਾਸਤੇ ਲਿਖਿਆ ਗਿਆ ਸੀ ਪਰੰਤੂ ਪੁਰਾਣੇ ਠੇਕੇਦਾਰ ਵਲੋਂ ਪਲਾਂਟ ਨੂੰ ਬਿਨ੍ਹਾਂ ਰਿਪੇਅਰ ਕਰਵਾਏ ਹੀ ਹੈਂਡ ਓਵਰ ਕਰ ਦਿੱਤਾ ਗਿਆ ਹੈ। ਪੁਰਾਣੇ ਖਤਮ ਹੋਏ ਕੰਟਰੈਕਟ ਦੀ ਡੀ.ਐਨ.ਆਈ.ਟੀ ਅਤੇ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਇਸ ਪਲਾਂਟ ਨੂੰ ਸਹੀ ਤਰੀਕੇ ਨਾਲ ਚਾਲੂ ਕਰਨ ਲਈ ਲੋੜੀਂਦੀ ਰਿਪੇਅਰ ਕਰਾਉਣ ਦਾ ਕੰਮ ਨਗਰ ਨਿਗਮ ਵਲੋਂ ਕਰਵਾਇਆ ਜਾਣਾ ਹੈ। ਇਸ ਲਈ ਪਲਾਂਟ ਦੀ Civil and Mechanical Repair ਵਾਸਤੇ ਤਖਮੀਨਾ ਰੁਪਏ 41,02,158/– ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਇਸ ਰਿਪੇਅਰ ਦੇ ਖਰਚੇ ਦੀ ਕਟੌਤੀ ਪੁਰਾਣੇ ਠੇਕੇਦਾਰ ਮੈਸ ਗੋਂਦਵਾਨਾ ਇੰਜੀਨੀਅਰ, ਨਾਗਪੁਰ ਦੇ ਫਾਇਨਲ ਬਿਲ ਵਿੱਚੋਂ ਕੀਤੀ ਜਾਣੀ ਹੈ। ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਮਾਨਯੋਗ ਐਨ.ਜੀ.ਟੀ ਵਲੋਂ ਬਣਾਈ ਗਈ ਮੋਨੀਟਰਿੰਗ ਕਮੇਟੀ ਵਲੋਂ ਇਸ ਪਲਾਂਟ ਦੀ ਨਿਗਰਾਨੀ ਕੀਤੀ ਜਾ ਰਹੀ ਹੈ, ਇਸ ਲਈ ਇਸ ਪਲਾਂਟ ਨੂੰ ਰਿਪੇਅਰ ਕਰਵਾਉਣਾਂ ਅਤਿ ਜਰੂਰੀ ਹੈ ਤਾਂ ਜ਼ੋ ਮੋਨੀਟਰਿੰਗ ਕਮੇਟੀ ਦੀ ਅਗਲੀ ਵਿਜਿਟ ਆਉਣ ਤੋਂ ਪਹਿਲਾਂ ਇਸ ਪਲਾਂਟ ਨੂੰ ਰਿਪੇਅਰ ਕਰਵਾਇਆ ਜਾ ਸਕੇ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਪਲਾਟ ਦੀ ਰਿਪੇਅਰ ਕਰਵਾਉਣ ਵਾਸਤੇ ਤਖਮੀਨਾ ਰੁਪਏ 41,02,158/– ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਇਸ ਤਖਮੀਨੇ ਦੀ ਨਗਰ ਨਿਗਮ ਹਾਊਸ ਤੋਂ ਪੂਰਵ ਪ੍ਰਵਾਨਗੀ ਵਾਸਤੇ ਮਾਨਯੋਗ ਮੇਅਰ ਜੀ ਵਲੋਂ ਮਿਤੀ 11.03.2020 ਰਾਹੀਂ ਡੀ.ਸੀ.ਐਫ.ਏ ਤੋਂ ਕਮੈਂਟਸ ਲੈਣ ਲਈ ਲਿਖਿਆ ਗਿਆ ਸੀ, ਜਿਸ ਉਪਰੰਤ ਡੀ.ਸੀ.ਐਫ.ਏ ਵਲੋਂ ਮਿਤੀ 18.03.2020 ਰਾਹੀਂ ਲਿਖਿਆ ਗਿਆ ਕਿ ਪੁਰਾਣੇ ਠੇਕੇਦਾਰ ਦੇ ਇਕਰਾਰਨਾਮੇ ਦੀਆਂ ਸ਼ਰਤਾਂ ਮੁਤਾਬਿਕ ਇਹ ਕੰਮ ਉਸ ਦੇ ਰਿਸਕ ਐਂਡ ਕੋਸਟ ਤੇ ਟੈਂਡਰ ਲਗਾ ਕੇ ਕਰਵਾਇਆ ਜਾਵੇ ਅਤੇ ਇਸ ਠੇਕੇਦਾਰ ਨੂੰ ਡੀ–ਬਾਰ ਕਰਕੇ ਇਸ ਨੂੰ ਅਜੰਡੇ ਦਾ ਹਿਸਾ ਬਣਾਇਆ ਜਾਵੇ। ਇਸ ਉਪਰੰਤ ਨਿਗਰਾਨ ਇੰਜੀਨੀਅਰ ਵਲੋਂ ਮਿਤੀ 30.03.2020 ਰਾਹੀਂ ਲਿਖਿਆ ਗਿਆ ਕਿ ਮੈਸ: ਗੋਦਵਾਨਾ ਇੰਜੀਨੀਅਰਜ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰਬਰ ਐਸ.ਈ/312 ਮਿਤੀ 19.03.2020 ਰਾਹੀਂ ਅੰਤਿਮ ਨੋਟਿਸ ਦਿੱਤਾ ਗਿਆ, ਜਿਸ ਉਪਰੰਤ ਨਾ ਹੀ ਠੇਕੇਦਾਰ ਵਲੋਂ ਪਲਾਂਟ ਦੀ ਰਿਪੇਅਰ ਦਾ ਕੰਮ ਸ਼ੁਰੂ ਕੀਤਾ ਗਿਆ ਅਤੇ ਨਾ ਹੀ ਇਸ ਪੱਤਰ ਦਾ ਜਵਾਬ ਦਿੱਤਾ ਗਿਆ। ਇਸ ਉਪਰੰਤ ਮਾਨਯੋਗ ਮੇਅਰ ਜੀ ਵਲੋਂ ਮਿਤੀ 12.05.2020 ਰਾਹੀਂ ਇਸ ਤਖਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਦਿੱਤੀ ਗਈ ਅਤੇ ਇਸ ਸਾਰੇ ਪ੍ਰੋਸੀਜਰ ਨੂੰ ਅਜੰਡੇ ਦੇ ਵਿੱਚ ਸ਼ਾਮਿਲ ਕਰਨ ਲਈ ਕਿਹਾ ਗਿਆ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਤਖਮੀਨੇ ਦੀ ਅੰਤਿਮ ਪ੍ਰਵਾਨਗੀ ਲਈ ਇਹ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
1.12.2020

ਮਤਾ ਨੰ: 75

ਵਿਸ਼ਾ:- ਵਾਟਰ ਸਪਲਾਈ ਅਤੇ ਸੀਵਰੇਜ਼ ਨਾਲ ਸਬੰਧਤ ਕੰਮਾਂ ਦੇ ਸੋਧੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਓ.ਐਂਡ.ਐਮ ਸ਼ਾਖਾ ਨਗਰ ਨਿਗਮ ਜਲੰਧਰ ਵੱਲੋ ਸ਼ਹਿਰ ਦੇ ਵੱਖ-ਵੱਖ ਵਾਰਡਾਂ/ ਇਲਾਕਿਆਂ ਨਾਲ ਸਬੰਧਤ ਵਾਟਰ ਸਪਲਾਈ ਅਤੇ ਸੀਵਰੇਜ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਜੀ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਤਿਆਰ ਕੀਤੇ ਗਏ ਸਨ, ਜਿਨ੍ਹਾਂ ਨੂੰ ਨਗਰ ਨਿਗਮ ਹਾਊਸ ਵਲੋਂ ਹੇਠ ਲਿਖੇ ਅਨੁਸਾਰ ਵੱਖ-ਵੱਖ ਮਤਿਆਂ ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਇਨ੍ਹਾਂ ਕੰਮਾਂ ਲਈ ਈ-ਟੈਂਡਰਿੰਗ ਰਾਹੀਂ ਟੈਂਡਰ ਮੰਗੇ ਗਏ ਸਨ ਪਰੰਤੂ ਮਿਤੀ 24-08-2020 ਤੋਂ ਨਵਾਂ CSR 2020 ਜਾਰੀ ਹੋਣ ਕਾਰਨ ਕਿਸੇ ਵੀ ਠੇਕੇਦਾਰ/ ਅਜੰਸੀ ਵਲੋਂ ਇਨ੍ਹਾਂ ਕੰਮਾਂ ਲਈ ਟੈਂਡਰ ਨਹੀਂ ਭਰੇ ਗਏ। ਕਿਉਂ ਜ਼ੋ ਲੋਕ ਹਿੱਤ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੰਮ ਕਰਵਾਉਣੇ ਅਤਿ ਜਰੂਰੀ ਹੁੰਦੇ ਹਨ, ਇਸ ਲਈ ਓ.ਐਂਡ.ਐਮ ਸੈਲ ਵਲੋਂ ਨਵੇਂ CSR ਅਨੁਸਾਰ ਦੋਬਾਰਾ ਇਨ੍ਹਾਂ ਕੰਮਾਂ ਦੇ Revised ਤਖਮੀਨੇ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ:-

Sr. No.	Name of work	Ward	Estimate Amount	House Reso/ Anticipation	Revised Estimate with new CSR	Variation as per revised Est. in %
1	Repair and maintenance of existing broken Slab of Partap Bagh disposal Zone 1	G	195120/-	101(13) 29.11.19	244110/-	20.06%
2	Construction of Road Gullies from Guru Nanak Mission Chowk to Improvement Trust and nr Doaba Hospital	20	450179/-	97(30) 29.11.19	566518/-	20.53%
3	Providing and laying of Sewer line at JMC Colony Gujja Peer road	62	690559/-	144(16) 24.12.19	916945/-	24.68%
4	Providing and Laying of New Rising Main Sewer line 300mm K-9 at Ram Nagar near Gazi Gulla Road	70	1198300/-	144(22) 24.12.19	1356654/-	11.67%
5	Laying of 8 inch dia Sewer line from Mamas Pride School to Lions Club Lajpat Nagar	20	346820/-	144(5) 24.12.19	431490/-	19.62%
6	Laying of 2 inch dia GI Pipe at Kaniya Wali adjoining Urban Estate Phase 1	24	568640/-	144(28) 24.12.19	605588/-	6.10%
7	Repair and Construction of Damaged Manhole in Village Suchi Pind nr Village Dudhiya	6	114200/-	Anticipation	129000/-	11.47%
8	Providing and Laying of 6 inch dia K-9 Pipe Rising Main in Mohalla Kishanpura Mandir Wali Gali	57	1537000/-	Anticipation	1792020/-	14.23%
9	Construction of New Collecting Tank at Ram Nagar Disposal at Gazi Gulla Railway Crossing	70	1478750/-	Anticipation	1670383/-	11.47%
10	Laying of 2 inch dia GI Water Supply line in Various sites of Ward No. 52	52	268884/-	Anticipation	301815/-	10.91%

ਇਨ੍ਹਾਂ ਰੀਵਾਇਜਡ ਤਖਮੀਨਿਆਂ ਦੀ ਰਾਸ਼ੀ ਪਹਿਲਾਂ ਪ੍ਰਵਾਨ ਹੋਏ ਤਖਮੀਨਿਆਂ ਦੀ ਰਾਸ਼ੀ ਤੋਂ 25% ਵੇਰੀਏਸ਼ਨ ਵਿੱਚ ਆਉਂਦੀ ਹੈ। ਇਸ ਲਈ ਨਗਰ ਨਿਗਮ ਹਾਊਸ ਵਲੋਂ ਪਹਿਲਾਂ ਪ੍ਰਵਾਨ ਹੋਏ ਤਖਮੀਨਿਆਂ ਦੇ ਮਤੇ ਅਤੇ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਐਂਟੀਸੀਪੇਸ਼ਨ ਪ੍ਰਵਾਨ ਕੀਤੇ ਗਏ ਤਖਮੀਨਿਆਂ ਵਿੱਚ ਉਪਰੋਕਤ ਅਨੁਸਾਰ ਨਵੇਂ CSR ਮੁਤਾਬਿਕ ਬਣਾਏ ਗਏ ਰੀਵਾਇਜਡ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ।

ਨਿਗਰਾਨ ਇੰਜੀਨੀਅਰ (ਓ.ਐਂਡ.ਐਮ.) ਨੇ ਮਿਤੀ : 23.10.2020 ਰਾਹੀ ਲਿਖਿਆ ਹੈ ਕਿ ਲੜੀ ਨੰ: 3 ਤੇ ਦਰਸਾਏ ਗਏ ਪ੍ਰਵਾਨ ਤਖਮੀਨੇ ਦਾ ਰਿਵਾਇਜ਼ਡ ਬਣਾਏ ਗਏ ਤਖਮੀਨੇ ਦੀ ਰਕਮ 9,49,737/- ਬਣਦੀ ਹੈ। ਜ਼ੋ ਕਿ ਗਲਤੀ ਨਾਲ ਟਾਈਪਿੰਗ ਕਰਦੇ ਸਮੇਂ ਰੁਪਏ 9,16,945/- ਲਿਖੇ ਗਏ। ਇਸ ਰਿਵਾਇਜ਼ਡ ਤਖਮੀਨਾ 25% ਵੇਰੀਏਸ਼ਨ ਤੋਂ ਵੱਧ ਹੈ। ਇਸ ਲਈ ਲੜੀ ਨੰ: 3 ਨੂੰ ਛੱਡ ਕੇ ਬਾਕੀ ਦੇ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ, ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਲਈ ਸਿਫਾਰਿਸ਼ ਕੀਤੀ ਜਾਂਦੀ ਹੈ। ਸੰਯੁਕਤ ਕਮਿਸ਼ਨ (ਈ) ਅਤੇ ਕਮਿਸ਼ਨਰ ਜੀ ਨੇ ਮਿਤੀ : 27.10.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।ਮਾਣਯੋਗ ਮੇਅਰ ਜੀ ਨੇ ਮਿਤੀ : 3.11.2020 ਰਾਹੀ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ, ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਰਿਵਾਇਜ਼ਡ ਤਖਮੀਨੇ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 76

ਵਿਸ਼ਾ:- ਵਾਟਰ ਸਪਲਾਈ ਅਤੇ ਸੀਵਰੇਜ਼ ਨਾਲ ਸਬੰਧਤ ਕੰਮਾਂ ਦੇ ਸੋਧੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ ਓ.ਐਂਡ.ਐਮ ਜਿਸ ਦੀ ਸਿਫਾਰਿਸ਼ ਨਿਗਰਾਨ ਇੰਜੀਨੀਅਰ (ਓ.ਐਂਡ.ਐਮ.) ਨੇ ਮਿਤੀ :15.10.2020 ਰਾਹੀ ਕੀਤੀ ਹੈ ਕਿ ਓ.ਐਂਡ.ਐਂਮ. ਸ਼ਾਖਾ ਨਗਰ ਨਿਗਮ ਜਲੰਧਰ ਵੱਲੋ ਸ਼ਹਿਰ ਦੇ ਵੱਖ-ਵੱਖ ਵਾਰਡਾਂ/ ਇਲਾਕਿਆਂ ਨਾਲ ਸਬੰਧਤ ਵਾਟਰ ਸਪਲਾਈ ਅਤੇ ਸੀਵਰੇਜ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਜੀ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਤਿਆਰ ਕੀਤੇ ਗਏ ਸਨ, ਜਿਨ੍ਹਾਂ ਨੂੰ ਨਗਰ ਨਿਗਮ ਹਾਊਸ ਵਲੋਂ ਹੇਠ ਲਿਖੇ ਅਨੁਸਾਰ ਵੱਖ-ਵੱਖ ਮਤਿਆਂ ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਇਨ੍ਹਾਂ ਕੰਮਾਂ ਲਈ ਈ-ਟੈਂਡਰਿੰਗ ਰਾਹੀਂ ਟੈਂਡਰ ਮੰਗੇ ਗਏ ਸਨ ਪਰੰਤੂ ਮਿਤੀ 24-08-2020 ਤੋਂ ਨਵਾਂ CSR 2020 ਜਾਰੀ ਹੋਣ ਕਾਰਨ ਕਿਸੇ ਵੀ ਠੇਕੇਦਾਰ/ ਅਜੰਸੀ ਵਲੋਂ ਇਨ੍ਹਾਂ ਕੰਮਾਂ ਲਈ ਟੈਂਡਰ ਨਹੀਂ ਭਰੇ ਗਏ। ਕਿਉਂ ਜ਼ੋ ਲੋਕ ਹਿੱਤ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੰਮ ਕਰਵਾਉਣੇ ਅਤਿ ਜਰੂਰੀ ਹੁੰਦੇ ਹਨ, ਇਸ ਲਈ ਓ.ਐਂਡ.ਐਮ ਸੈਲ ਵਲੋਂ ਨਵੇਂ CSR ਅਨੁਸਾਰ ਦੋਬਾਰਾ ਇਨ੍ਹਾਂ ਕੰਮਾਂ ਦੇ Revised ਤਖਮੀਨੇ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ:-

Sr. No.	Name of work	Ward	Estimate Amount	House Reso/ Anticipation	Revised Estimate With new CSR	Variation as per revised Est. in %
1	Providing and Laying of Sewer line in New Dashmesh Nagar Extension Ward 9 Zone 5-A	9	518949/-	101(7) 29.11.19	1053618/-	50.74%
2	Laying of Sewer line in Urban Estate Phase 1 Market near H no 878	24	61121/-	97(2) 29.11.19	96984/-	36.97%
3	Providing and Laying of Sewer line in VIP Colony Basti Peer Dad Ward	73	304405/-	97(11) 29.11.19	441809/-	31.10%
4	Providing and Laying of Sewer line in various Mohalla of Ward – 28	28	627000/-	97(18) 29.11.19	1080737/-	41.98%
5	Laying of Sewer line in H No 50 Shankar Garden and Const of New manhole nr Income Tax Colony w-26	26	254119/-	97(14) 29.11.19	372744/-	31.82%
6	Providing and Laying 8 inch dia Sewer line in Shamshan Ghat B.S.F Chowk ward 15	15	127814/-	101(9) 29.11.19	233932/-	45.36%
7	Replacement of 8 inch dia Sewer line in Dr Ambedkar Bhawan to Opp. Gali No 5 Abadpura	32	1013659/-	144(3) 24.12.19	1430965/-	29.16%
8	Providing and Laying of Sewer line at Sanjay Gandhi Nagar Gali no 6 and Khanna Industry Bulandpur road Gadaipur	3	463126/-	144(14) 24.12.19	747643/-	38.05%
9	Providing and Laying of Sewer line and Road Gullies from Bashirpura OHSR and Kamal Vihar Shamshan Ghat	17	246074/-	101(2) 29.11.19	434928/-	43.42%
10	Laying of Storm Sewer line backside Passport office Lajpat Nagar	20	1448000/-	101(26) 29.11.19	2068329/-	29.99%
11	Laying of 8 inch dia Sewer line Opposite Kali Sabji Wala, Road Mohalla	44	150335/-	144(24) 24.12.19	222293/-	32.37%
12	Providing and Laying of Storm Water Supply Sewer line at Lamba Pind Chowk Hoshiarpur Road	G	1630800/-	144(26) 24.12.19	2350100/-	30.60%
13	Providing and Laying of New Sewer line at Amar Garden near Maan Motor Wali Gali	62	246203/-	97(8) 29.11.19	412975/-	40.38%
14	Construction of New manhole at Model Town near Kalyan Jewellers	27	52168/-	97(15) 29.11.19	92685/-	43.71%

15	Providing and Laying of New Sewer line at Gobind Nagar near RP Memorial School	62	247000/-	97(17) 29.11.19	508466/-	51.42%
16	Prov. and Laying of Sewer line and repair of Manhole in Ambedkar Nagar	8	320375/-	97(19) 29.11.19	591703/-	45.85%
17	Providing and Laying of Sewer line at Bhatia Cable Wali Gali Chohar Bagh	51	210304/-	97(31) 29.11.19	344374/-	38.93%
18	Providing and Laying of Sewer line 10 inch dia at Kirti Nagar	15	562775/-	101(10) 29.11.19	1001122/-	43.78%
19	Providing and Laying of Sewer line in different areas of Ward 10	10	509015/-	101(12) 29.11.19	871009/-	41.56%
20	Providing and Laying of Sewer line 8 inch dia at Basti Bhure Khan	60	325426/-	144(18) 24.12.19	502528/-	35.24%
21	Providing and Laying of Sewer line 8 inch dia at Jawala Nagar to High School Maqsoodan	71	190708/-	144(19) 24.12.19	266892/-	28.54%
22	Providing and Laying of 10 inch dia Sewer line at Bhagat Singh Colony backside Gurudawara	64	593000/-	Anticipation	899823/-	34.09%
23	Providing and Laying of 10 inch dia Sewer line at Chotta Saipur road near Sugar Cane Field	63	332000/-	Anticipation	5073177/-	34.01%
24	Providing and Laying of 10 inch dia Sewer line at Samta Rubber Kali Mata Mandir road	63	424000/-	Anticipation	667318/-	36.46%
25	Providing and Laying of Sewer line 250 mm dia at New Shankar Garden Gujja Peer Road	63	265600/-	Anticipation	457571/-	41.95%
26	Construction of Collecting Tank and Screening Chamber at Lamba Pind Chowk	6	2226500/-	Anticipation	4550304/-	51.06%
27	Providing and Laying of 8 inch dia Sewer line at Mohalla Vikaspuri	60	306135/-	Anticipation	479684/-	36.17%
28	Providing and laying of Sewer line at JMC Colony Gujja Peer road	62	6,90,559/-	144(16) 24.12.19	9,16,737/-	27.28%

ਇਨ੍ਹਾਂ ਰੀਵਾਇਜਡ ਤਖਮੀਨਿਆਂ ਦੀ ਰਾਸ਼ੀ ਪਹਿਲਾਂ ਪ੍ਰਵਾਨ ਹੋਏ ਤਖਮੀਨਿਆਂ ਦੀ ਰਾਸ਼ੀ ਤੋਂ 25% ਵੱਧ ਗਈ ਹੈ, ਇਸ ਲਈ ਨਗਰ ਨਿਗਮ ਹਾਊਸ ਵਲੋਂ ਪਹਿਲਾਂ ਪ੍ਰਵਾਨ ਹੋਏ ਤਖਮੀਨਿਆਂ ਦੇ ਮਤੇ ਅਤੇ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਐਂਟੀਸੀਪੇਸ਼ਨ ਪ੍ਰਵਾਨ ਕੀਤੇ ਗਏ ਤਖਮੀਨਿਆਂ ਨੂੰ ਕੈਂਸਲ ਕਰਕੇ ਨਵੇਂ CSR ਮੁਤਾਬਿਕ ਬਣਾਏ ਗਏ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਹੈ।ਸੰਯੁਕਤ ਕਮਿਸ਼ਨ (ਈ) ਅਤੇ ਕਮਿਸ਼ਨਰ ਜੀ ਨੇ ਮਿਤੀ : 27.10.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।ਮਾਣਯੋਗ ਮੇਅਰ ਜੀ ਨੇ ਮਿਤੀ : 3.11.2020 ਰਾਹੀ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ, ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਰਿਵਾਇਜ਼ਡ ਤਖਮੀਨੇ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹਨ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 77

ਵਿਸ਼ਾ:- Estimate for Desilting of Manholes in different wards in Zone No. 1 to 7

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਅਤੇ ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਵਾਰਡਾਂ ਵਿਚ ਪੈਂਦੇ ਸੀਵਰੇਜ਼ ਦੇ ਕੰਮ ਨੂੰ ਸੁਚਾਰੂ ਨਾਲ ਚਲਾਉਣ ਲਈ ਜ਼ੋਨ ਵਾਈਜ ਤਖਮੀਨੇ ਤਿਆਰ ਕੀਤੇ ਗਏ ਹਨ। ਇਥੇ ਇਹ ਦਸਿਆ ਜਾਂਦਾ ਹੈ ਕਿ ਮਾਨਯੋਗ ਹਾਈਕੋਰਟ ਵਲੋਂ ਦਿੱਤੇ ਗਏ ਨਿਰਦੇਸ਼ਾਂ ਅਤੇ Manual Scavenger Act 2013 ਅਨੁਸਾਰ ਸੀਵਰ ਦੀ ਸਫਾਈ ਵਾਸਤੇ ਸੀਵਰਮੈਨ ਸਟਾਫ ਨੂੰ ਸੀਵਰ ਵਿੱਚ ਜਾਣ ਤੋਂ ਮਨਾਹੀ ਕਰ ਦਿੱਤੀ ਗਈ ਹੈ। ਕਿਉਂ ਜ਼ੋ ਸੀਵਰੇਜ਼ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੀਵਰ ਲਾਈਨਾਂ ਅਤੇ ਮੇਨਹੋਲਾਂ ਦੀ ਸਫਾਈ ਲਗਾਤਾਰ ਕਰਵਾਉਣਾ ਅਤਿ ਜਰੂਰੀ ਹੈ ਤਾਂ ਜ਼ੋ ਸੀਵਰੇਜ਼ ਬਲੋਕੇਜ਼ ਦੀ ਸਮੱਸਿਆ ਦੂਰ ਕੀਤੀ ਜਾ ਸਕੇ। ਇਸ ਲਈ ਜ਼ੋਨ ਅਧੀਨ ਆਉਂਦੇ ਵੱਖ-ਵੱਖ ਵਾਰਡਾਂ ਵਿਚ ਸੀਵਰ ਮੇਨਹੋਲਾਂ ਅਤੇ ਸੀਵਰ ਲਾਈਨਾਂ ਦੀ ਸਫਾਈ ਸੁਪਰ ਸਕਸ਼ਨ ਮਸ਼ੀਨਾ ਨਾਲ ਕਰਵਾਉਣ ਲਈ ਰਫ ਕਾਸਟ ਤਖਮੀਨੇ ਹੇਠ ਲਿਖੇ ਅਨੁਸਾਰ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦੀ ਪ੍ਰਵਾਨਗੀ ਨਗਰ ਨਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਲੋੜੀਂਦੀ ਹੈ:-

ਲੜੀ ਨੰ:	ਕੰਮ ਦਾ ਨਾ/ਜਗ੍ਹਾ ਦਾ ਸਪਸ਼ਟ ਵੇਰਵਾ	ਤਖਮੀਨਾ ਰੁਪਏ (ਲੱਖਾਂ ਵਿਚ)
1	Annual Estimate for Desilting of Sewer Lines and Manholes with Super Suction Machines in different area of Wards falling in Zone No. 1 Partap Bagh. (Ward No. 50, 51, 52, 53, 54, 55, 56, 65 & 67	42.16
2	Annual Estimate for Desilting of Sewer Lines and Manholes with Super Suction Machines in different area of Wards falling in Zone No. 2 Dada Colony. (Ward No. 1, 2, 3, 61, 62, 63, 64, 69, 70, 71, 79 & 80)	47.56
3	Annual Estimate for Desilting of Sewer Lines and Manholes with Super Suction Machines in different area of Wards falling in Zone No. 3, Mini Lal Rattan (Ward No. 20, 46, 47, 48, 49, 68, 72, 73, 74, 75, 76, 77 & 78)	47.56
4	Annual Estimate for Desilting of Sewer Lines and Manholes with Super Suction Machines in different area of Wards falling in Zone No. 4, Basti Sheikh (Ward No. 32, 33, 34, 35, 36, 37, 38, 39, 40, 41, 42, 43, 44 & 45)	47.56
5	Annual Estimate for Desilting of Sewer Lines and Manholes with Super Suction Machines in different area of Wards falling in Zone No. 5, (Ward No. 14, 15, 16, 17, 18 & 19)	38.78
6	Annual Estimate for Desilting of Sewer Lines and Manholes with Super Suction Machines in different area of Wards falling in Zone No. 5-A, (Ward No. 7, 8, 9, 10, 11, 12 & 13)	38.78
7	Annual Estimate for Desilting of Sewer Lines and Manholes with Super Suction Machines in different area of Wards falling in Zone No. 6 Model Town (Ward No. 21, 22, 23, 24, 25, 26, 27, 28, 29, 30, 31 & 11 Villages)	47.56
8	Annual Estimate for Desilting of Sewer Lines and Manholes with Super Suction Machines in different area of Wards falling in Zone No. 7 Industrial Estate (Ward No. 4, 5, 6, 57, 58, 59 & 60)	38.78

ਸੰਯੁਕਤ ਕਮਿਸ਼ਨਰ (ਆਈ) ਨੇ ਮਿਤੀ 28.7.2020 ਅਤੇ ਕਮਿਸ਼ਨਰ ਜੀ ਨੇ ਮਿਤੀ 4.8.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 21.8.2020 ਨੂੰ ਇਹਨਾਂ ਕੰਮਾਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਹੈ ।

ਤਖਮੀਨੇ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹਨ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
1.12.2020

ਮਤਾ ਨੰ: 78

ਵਿਸ਼ਾ:- ਕੋਵਿਡ-19 ਦੇ ਮੱਦੇਨਜਰ ਪੰਜਾਬ ਵਿੱਚ ਲਗਾਏ ਗਏ ਕਰਫਿਊ ਦੋਰਾਨ ਨਗਰ ਨਿਗਮ ਜਲੰਧਰ ਵਲੋਂ ਆਪਣੇ ਖਰਚੇ ਤੇ ਆਟਾ ਖਰੀਦ ਕੇ ਲੋੜਮੰਦ ਪਰਿਵਾਰਾਂ ਨੂੰ ਵੰਡਣ ਸਬੰਧੀ।

ਪੜ੍ਹਿਆ ਨੋਟ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਮਿਤੀ 4.9.2020 ਕਿ ਕੋਵਿਡ-19 ਦੇ ਮੱਦੇਨਜਰ ਦੇਸ਼ ਭਰ ਵਿੱਚ ਲੋਕਡਾਊਨ ਕੀਤਾ ਗਿਆ ਸੀ ਅਤੇ ਇਸ ਦੇ ਤਹਿਤ ਪੰਜਾਬ ਸਰਕਾਰ ਵਲੋਂ ਪੂਰੇ ਪੰਜਾਬ ਵਿੱਚ ਮਿਤੀ 23-03-2020 ਤੋਂ ਕਰਫਿਊ ਲਗਾ ਦਿੱਤਾ ਗਿਆ ਸੀ। ਇਨ੍ਹਾਂ ਹਲਾਤਾਂ ਵਿੱਚ ਲੋਕਾਂ ਦੇ ਰੋਜਗਾਰ ਦੇ ਸਾਧਨ ਵੀ ਬੰਦ ਹੋ ਗਏ ਸਨ ਅਤੇ ਰੋਜਾਨਾਂ ਖਾਣ-ਪੀਣ ਦੀ ਜਰੂਰਤ ਵੀ ਪੂਰੀ ਕਰਨੀ ਮੁਸ਼ਕਿਲ ਹੋ ਗਈ ਸੀ। ਇਸ ਦੇ ਮੱਦੇਨਜਰ ਸਥਾਨਕ ਸਰਕਾਰ ਵਿਭਾਗ, ਪੰਜਾਬ ਵਲੋਂ ਆਪਣੇ ਪੱਤਰ ਨੰਬਰ ਸ2-ਡਸਸ-ਜਬ-2020/15687 ਮਿਤੀ 28-03-2020 ਰਾਹੀਂ ਨਗਰ ਨਿਗਮਾਂ ਅਤੇ ਹੋਰ ਮਹਿਕਮਿਆਂ ਨੂੰ ਆਪਣੇ ਫੰਡ ਵਿਚੋਂ ਵੱਧ ਤੋਂ ਵੱਧ ਰੁਪਏ 1.00 ਲੱਖ ਪ੍ਰਤੀ ਦਿਨ ਅਤੇ ਪੂਰੇ ਲਾਕਡਾਊਨ ਅਤੇ ਕਰਫਿਊ ਦੇ ਦੋਰਾਨ ਕੁੱਲ ਰੁਪਏ 20.00 ਲੱਖ ਤੱਕ ਦੇ ਖਰਚੇ ਆਮ ਪਬਲਿਕ ਵਾਸਤੇ ਜਰੂਰੀ ਵਸਤੂਆਂ ਖਰੀਦਨ/ ਸਹਾਇਤਾ ਕਰਨ ਵਾਸਤੇ ਮੰਜੂਰੀ ਦਿੱਤੀ ਗਈ ਸੀ। ਇਸ ਦੇ ਸਬੰਧ ਵਿੱਚ ਮਾਨਯੋਗ ਕਮਿਸ਼ਨਰ ਨਗਰ ਨਿਗਮ, ਜਲੰਧਰ ਜੀ ਵਲੋਂ ਹਦਾਇਤ ਕੀਤੀ ਗਈ ਸੀ ਕਿ ਨਗਰ ਨਿਗਮ ਜਲੰਧਰ ਵਲੋਂ ਵੀ ਇਨ੍ਹਾਂ ਫੰਡਾਂ ਤਹਿਤ ਕਣਕ, ਚਾਵਲ ਅਤੇ ਦਾਲੀ ਦੀ ਖਰੀਦ ਕੀਤੀ ਜਾਵੇ। ਇਹ ਖਰੀਦ ਕਰਨ ਵਾਸਤੇ ਮਾਨਯੋਗ ਕਮਿਸ਼ਨਰ ਨਗਰ ਨਿਗਮ ਜਲੰਧਰ ਜੀ ਵਲੋਂ ਆਪਣੇ ਹੁਕਮ ਨੰਬਰ 2738 ਮਿਤੀ 20-03-2020 ਰਾਹੀਂ ਇੱਕ ਕਮੇਟੀ ਦਾ ਗਠਣ ਕੀਤਾ ਗਿਆ ਸੀ। ਇਸ ਕਮੇਟੀ ਵਲੋਂ ਇਹ ਫੈਸਲਾ ਕੀਤਾ ਗਿਆ ਕਿ ਇਹ ਖਰੀਦ ਕਿਸੇ ਸਰਕਾਰ ਅਜੰਸੀ ਰਾਹੀਂ ਕੀਤੀ ਜਾਵੇ। ਇਸ ਸਬੰਧੀ ਸ਼੍ਰੀ ਨਰਿੰਦਰ ਸਿੰਘ, ਜਿਲ੍ਹਾ ਫੂਡ ਸਪਲਾਈ ਅਫਸਰ ਨਾਲ ਤਾਲਮੇਲ ਕੀਤਾ ਗਿਆ ਅਤੇ ਉਨ੍ਹਾਂ ਵਲੋਂ ਦਸਿਆ ਗਿਆ ਕਿ ਉਹ ਐਫ.ਸੀ.ਆਈ (ਫੂਡ ਕਾਰਪੋਰੇਸ਼ਨ ਆਫ ਇੰਡੀਆ) ਰਾਹੀਂ 500 ਕਵੰਟਲ ਕਣਕ ਦੀ ਸਪਲਾਈ ਕਰਵਾ ਸਕਦੇ ਹਨ। ਇਸ ਕਣਕ ਦੇ ਰੇਟ ਰੁਪਏ 2080/- ਪ੍ਰਤੀ ਕਵੰਟਲ ਹੋਣਗੇ ਅਤੇ ਇਸ ਕਣਕ ਦੀ ਢੋਹਾ-ਢੋਹਾਈ ਚਾਰਜਿਸ ਰੁਪਏ 30/- ਪ੍ਰਤੀ ਕਵੰਟਲ ਹੋਣਗੇ। ਇਸ ਕਣਕ ਦੀ ਪਿਸਾਈ ਲਈ ਸ਼ਹਿਰ ਦੀਆਂ ਵੱਖ-ਵੱਖ ਚੱਕੀਆਂ ਤੋਂ ਕੁਟੇਸ਼ਨਾ ਪ੍ਰਾਪਤ ਕੀਤੀਆਂ ਗਈਆਂ, ਜਿਨ੍ਹਾਂ ਵਿਚੋਂ ਘੱਟ ਰੇਟ ਦੀ ਕੁਟੇਸ਼ਨ M/s Balwant Flour Mills, Circular Road, Jalandhar ਦੀ ਪ੍ਰਾਪਤ ਹੋਈ ਜਿਸ ਨੇ ਰੁਪਏ 3.80 ਪ੍ਰਤੀ ਕਿਲੋ ਵਿੱਚ ਆਟੇ ਦੀ ਪਿਸਾਈ ਕਰਨੀ ਸੀ। ਇਸ ਤਰ੍ਹਾਂ ਐਫ.ਸੀ.ਆਈ ਤੋਂ ਕਣਕ ਲੈ ਕੇ ਉਸ ਦੀ ਪਿਸਾਈ ਕਰਵਾਉਣ ਉਪਰੰਤ ਆਟੇ ਦਾ ਰੇਟ ਲਿਖੇ ਲਿਖੇ ਅਨੁਸਾਰ ਸੀ:-

1.	ਕਣਕ ਦਾ ਰੇਟ ਰੁਪਏ 2080/- ਪ੍ਰਤੀ ਕਵੰਟਲ (100 ਕਿਲੋ)	=	2080.00
2.	ਕਣਕ ਦੀ ਢੋਹਾ-ਢੋਹਾਈ ਰੁਪਏ 30/- ਪ੍ਰਤੀ ਕਵੰਟਲ (100 ਕਿਲੋ)	=	30.00
3.	ਕਣਕ ਦੀ ਪਿਸਾਈ ਰੁਪਏ 3.80 ਪ੍ਰਤੀ ਕਿਲੋ (3.80×100)	=	380.00
	ਕੁੱਲ ਰੁਪਏ	=	2490.00 (ਪ੍ਰਤੀ ਕਵੰਟਲ)
	ਰੇਟ ਪ੍ਰਤੀ ਕਿਲੋ	=	24.90

ਇਸ ਤੋਂ ਬਾਅਦ ਇਸ ਆਟੇ ਨੂੰ 5-5 ਕਿਲੋ ਦੀਆਂ ਥੈਲੀਆਂ ਵਿੱਚ ਭਰ ਕੇ ਆਟੇ ਦੀ ਚੱਕੀ ਤੋਂ ਢੋਹਾ-ਢੋਹਾਈ ਕਰਕੇ ਜਰੂਰਤਮੰਦ ਲੋਕਾਂ ਨੂੰ ਵੰਡਿਆ ਜਾਣਾ ਸੀ, ਜਿਸ ਤੇ ਅਲਗ ਖਰਚਾ ਹੋਣਾ ਸੀ। ਇਸ ਸਾਰੇ ਪ੍ਰੋਸੈਸ ਵਿੱਚ ਕਾਫੀ ਸਮਾਂ ਲਗਣ ਦੀ ਸੰਭਾਵਨਾ ਹੋਣ ਕਰਕੇ DFSC ਨੂੰ ਕਣਕ ਦੀ ਬਜਾਏ ਸਿਧਾ ਆਟਾ ਦੇਣ ਲਈ ਗਿਆ ਪਰੰਤੂ ਉਨ੍ਹਾਂ ਵਲੋਂ ਇਨਕਾਰ ਕਰ ਦਿੱਤਾ ਗਿਆ।ਇਸ ਤੋਂ ਬਾਅਦ ਆਟੇ ਦੀ ਖਰੀਦ ਕਰਨ ਲਈ D.M Markfed ਨਾਲ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਵਲੋਂ 50 ਕਿਲੋ ਆਟੇ ਦੀ ਥੈਲੀ ਦਾ ਰੇਟ ਰੁਪਏ 1285.97 ਦਸਿਆ ਗਿਆ, ਜਿਸ ਅਨੁਸਾਰ ਆਟੇ ਦਾ ਰੇਟ ਰੁਪਏ 25.72 ਪ੍ਰਤੀ ਕਿਲੋ ਬਣਦਾ ਸੀ।ਇਸ ਲਈ ਕਣਕ ਦੀ ਖਰੀਦ ਐਫ.ਸੀ.ਆਈ ਤੋਂ ਕਰਨ ਉਪਰੰਤ ਪਿਸਾਈ ਦੇ ਪ੍ਰੋਸੈਸ ਵਿੱਚ ਕਾਫੀ ਸਮਾਂ ਲਗ ਜਾਣਾ ਸੀ ਅਤੇ ਮਾਰਕਫੈਡ ਤੋਂ ਸਿਧੇ ਤੌਰ ਤੇ ਆਟੇ ਦੀ ਖਰੀਦ ਕਰਨ ਵਿੱਚ ਬਹੁਤਾ ਜਿਆਦਾ ਫਰਕ ਨਹੀਂ ਸੀ। ਇਸ ਤੋਂ ਇਲਾਵਾ DFSC ਤੋਂ ਚਨੇ ਦੀ ਦਾਲ ਸਪਲਾਈ ਕਰਨ ਬਾਰੇ ਪਤਾ ਕੀਤਾ ਗਿਆ ਪਰੰਤੂ ਉਨ੍ਹਾਂ ਵਲੋਂ ਕਿਹਾ ਗਿਆ ਕਿ ਉਹ ਦਾਲ ਸਪਲਾਈ ਨਹੀਂ ਕਰਦੇ ਹਨ। ਇਸ ਉਪਰੰਤ D.M Markfed ਤੋਂ ਚਨੇ ਦੀ ਦਾਲ ਸਪਲਾਈ ਕਰਨ ਬਾਰੇ ਪੁਛਿਆ ਗਿਆ ਅਤੇ ਉਨ੍ਹਾਂ ਵਲੋਂ ਚਨੇ ਦੀ ਦਾਲ ਦਾ ਰੇਟ ਰੁਪਏ 75.70 ਪ੍ਰਤੀ ਕਿਲੋ ਦਸਿਆ ਗਿਆ। ਇਸ ਲਈ ਆਟਾ ਅਤੇ ਚਨੇ ਦੀ ਦਾਲ ਮਾਰਕਫੈਡ ਤੋਂ ਸਿਧੇ ਤੌਰ ਤੇ ਖਰੀਦ ਕਰਨ ਲਈ ਕਮੇਟੀ ਵਲੋਂ ਸਿਫਾਰਸ਼ ਕੀਤੀ ਗਈ, ਜਿਸ ਉਪਰੰਤ ਮਾਨਯੋਗ ਕਮਿਸ਼ਨਰ ਨਗਰ ਨਿਗਮ ਜਲੰਧਰ ਜੀ ਵਲੋਂ ਮਿਤੀ 03-04-2020 ਰਾਹੀਂ ਇਸ ਦੀ ਪ੍ਰਵਾਨਗੀ ਦਿੱਤੀ ਗਈ। ਇਸ ਉਪਰੰਤ ਇਹ ਫੈਸਲਾ ਹੋਇਆ ਕਿ ਮਾਰਕਫੈਡ ਤੋਂ ਕੇਵਲ ਆਟਾ ਹੀ ਖਰੀਦ ਕੇ ਜਰੂਰਤਮੰਦ ਲੋਕਾਂ ਨੂੰ ਮੁਹਈਆ ਕਰਵਾਇਆ ਜਾਵੇ।

ਇਸ ਉਪਰੰਤ ਮਿਤੀ 03-04-2020 ਤੋਂ ਲੈ ਕੇ ਮਿਤੀ 15-04-2020 ਤੱਕ ਰੋਜਾਨਾ 3900 ਕਿਲੋ ਆਟਾ ਮਾਰਕਫੈਡ, ਬੀ.ਐਸ.ਐਫ ਚੋਂਕ, ਜਲੰਧਰ ਤੋਂ ਖਰੀਦ ਕਰਨ ਲਈ ਰੁਪਏ 99,450/- ਪ੍ਰਤੀ ਦਿਨ ਵਾਸਤੇ (ਕੁੱਲ 50000 ਕਿਲੋ ਆਟੇ ਵਾਸਤੇ ਰੁਪਏ 12,75,000/-) ਦੀ ਮੰਜੂਰੀ ਮਾਨਯੋਗ ਕਮਿਸ਼ਨਰ ਨਗਰ ਨਿਗਮ ਜਲੰਧਰ ਜੀ ਤੋਂ ਲੈਣ ਉਪਰੰਤ ਚਾਰੋਂ ਹਲਕਿਆਂ ਦੇ ਵਿਧਾਇਕ ਅਤੇ ਵਾਰਡ ਕੌਂਸਲਰਾਂ ਰਾਹੀਂ ਲੋੜਮੰਦ ਪਰਿਵਾਰਾਂ ਨੂੰ ਆਟਾ ਮੁਹਈਆ ਕਰਵਾਇਆ ਗਿਆ ਹੈ।ਉਪਰੋਕਤ ਅਨੁਸਾਰ ਨਗਰ ਨਿਗਮ ਹਾਊਸ ਦੀ ਜਾਣਕਾਰੀ ਹਿੱਤ ਪੇਸ਼ ਹੈ ।ਜਿਸ ਨਾਲ ਸੰਯੁਕਤ ਕਮਿਸ਼ਨਰ (ਆਈ) ਅਤੇ ਕਮਿਸ਼ਨਰ ਜੀ ਨੇ ਮਿਤੀ 8.9.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ਾ ਮਿਤੀ 10.9.2020 ਰਾਹੀ ਉਕਤ ਤਜਵੀਜ਼ ਹਾਊਸ ਵਿੱਚ ਸੂਚਨਾ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 79

ਵਿਸ਼ਾਂ:- Covid -19 ਦੀ ਰੋਕਥਾਮ ਲਈ Lockdown ਅਤੇ ਕਰਫਿਊ ਹੋਣ ਕਾਰਨ ਪੰਜਾਬ ਦੇ ਸ਼ਹਿਰਾ ਦੇ ਦਿਹਾੜੀਦਾਰ ਮਜਦੂਰਾਂ/ਸਹਿਰੀ ਗਰੀਬਾ ਨੂੰ ਮਿਉਂਸਪਲ ਕਾਰਪੋਰੇਸ਼ਨ/ਮਿਉਂਸਪਲ ਕਮੇਟੀ/ਮਿਉਂਸਪਲ ਕੌਂਸਲ/ ਨਗਰ ਪੰਚਾਇਤਾਂ ਦੇ ਫੰਡਾ ਵਿਚੋ ਖਾਣਾ, ਜਰੂਰੀ ਦਵਾਈਆ ਦੇਣ ਬਾਰੇ ਅਤੇ ਗਊਸ਼ਾਲਾ ਲਈ ਚਾਰਾ ਆਦਿ ਤੇ ਆਉਂਣ ਵਾਲੇ ਖਰਚੇ ਸਬੰਧੀ।

ਹਵਾਲਾ:- ਸਰਕਾਰ ਦੇ ਪੱਤਰ ਨੰ: ਸ2-ਡਸਸ-ਜਬ-2020/15687 ਮਿਤੀ 28-03-2020 ਦੇ ਸਬੰਧ ਵਿਚ

ਪੜ੍ਹਿਆ ਨੋਟ ਸੁਪਰਡੰਟ ਸਟੋਰ ਕਿ ਕੋਵਿਡ-19 ਦੀ ਮਹਾਮਾਰੀ ਹੋਣ ਕਾਰਣ ਨਗਰ ਨਿਗਮ ਜਲੰਧਰ ਦੀਆ ਵੱਖ-ਵੱਖ ਸ਼ਾਖਾਵਾਂ ਵਲੋ ਸਮਾਨ ਖਰੀਦ ਕਰਨ ਦੀ ਲੋੜ ਅਨੁਸਾਰ ਮੰਗ ਤੇ ਸਰਕਾਰ ਦੀਆ ਹਦਾਇਤਾ ਅਨੁਸਾਰ ਮਾਰਕਿਟ ਵਿੱਚੋ ਕੁਟੇਸ਼ਨਾ ਲੈਣ ਉਪਰੰਤ ਤਖਮੀਨੇ ਤਿਆਰ ਕੀਤੇ ਗਏ। ਜਿਸ ਦੀ ਪ੍ਰਵਾਨਗੀ ਮਾਨਯੋਗ ਮੇਅਰ ਸਾਹਿਬ ਜੀ ਵਲੋ ਤਿਆਰ ਕੀਤੀ ਗਈ ਸਬ ਕਮੇਟੀ ਵਿਚੋ ਪਾਸ ਕਰਵਾਉਣ ਉਪਰੰਤ ਵੱਖ ਵੱਖ ਮਟੀਰਿਅਲ ਦੀ ਖਰੀਦ ਕੀਤੀ ਗਈ ਅਤੇ ਉਕਤ ਕੰਮ ਦੀ ਕਮਿਸ਼ਨਰ ਜੀ ਦੀ ਪ੍ਰਵਾਨਗੀ ਲੈਣ ਉਪਰੰਤ ਅਦਾਇਗੀ ਵੀ ਕਰ ਦਿੱਤੀ ਗਈ ਹੈ। ਕਿਉ ਜੋ ਇਹ ਤਖਮੀਨੇ 25,000/- ਦੀ ਲਾਗਤ ਤੋ ਜਿਆਦਾ ਸਨ। ਹਵਾਲੇ ਅਧੀਨ ਪੱਤਰ ਦੀ ਪਾਲਨਾ ਕਰਦੇ ਹਾਊਸ ਵਲੋ ਹੋਏ ਇਹਨਾਂ ਕੰਮਾ ਦੀ ਕਾਰਜ ਬਾਅਦ ਪ੍ਰਵਾਨਗੀ ਦਿਤੀ ਜਾਵੇ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ:	ਸਮਾਨ ਦਾ ਵੇਰਵਾ	ਫਰਮ ਦਾ ਨਾਮ	ਰਕਮ
1	Purchase of 50 Nos Agriculture Mechnical Sapray Double Motor Battery Operated	M/s Good will Industrial Corp Kpt road Basti Bawa Khal Jal	1,45,600/-
2	Purchase of 50 Nos Sapray Pump 25 Ltr	M/s Kisan Brothers Near adda Bastian G.T road Jal	2,97,500/-
3	Purchase of 4000 Pcs Sanitizer Micro CV-GEL 100 ML & 4070 Pair Kivi Red Gloves (post moaterm Gloves)	M/s Jagdambay Medical & Surgicals	4,70,310/-
4	PPE Kit Complite amid Covid -19 & FFP Mask 200 Nos	M/s Surgene Safety Hoshiarpur	73,500/-
5	Purchase of PP Kits fire Brigade Emp. & Health Emp. MCJ	M/s Caremax Formulations, Amritsar	1,01,999/-
6	Purchase of 200 Nos PP Kits fire Brigade Emp. & Health Emp. MCJ	M/s R.D Hosiery Pvt Ltd, Lud	1,20,000/-
7	Purchase of 4900 Nos Mask	M/s S.G. Entp. Jalandhar	1,47,000/-
8	Purchase of 5 Nos Water Tanki 2000 Ltr	M/s Ajay Kumar Gupta, Jalandhar	56,750/-
9	Purchase of 1 Nos Tanky 2000 Ltr, 5 Nos Tanky 1500 Ltr, Packing Lifafa 115 Kg, Rubber 3 Kg, Tarpail 15'x15' 2 Pic	M/s Ajay Kumar Gupta, Jalandhar	72,314/-
10	Purchase of 3999 Nos Sainitizer Handrub 100 ML	M/s Globus Pharma	1,58,120/-
11	Purchase of 10000 Pair Kivi Red Gloves (post moaterm Gloves)	M/s Jagdambay Medical & Surgicals	4,98,400/-
12	Purchase of 200 Ltr (5ltr can)Liquid Sanitizer	A.S.Entp	32,928/-
13	Puchase of Bed Sheet white and Fillo white 200Nos	Punjab Khadhi Bhandhar	37,800/-
14	Puchase of Sanitizer 300 ltr (5ltr can)	A.S.Entp	49,392/-

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 80

ਵਿਸਾ: ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਤਹਿਤ ਜਲੰਧਰ ਨਗਰ ਨਿਗਮ ਵਿਚ ਆਏ 11 ਪਿੰਡਾਂ ਦੇ ਟਿਊਬਵੈਲਾਂ ਦਾ ਬਿਜਲੀ ਦਾ ਭੁਗਤਾਨ ਨਗਰ ਨਿਗਮ ਵਲੋਂ ਕਰਨ ਬਾਰੇ।

ਪੜ੍ਹਿਆ ਦਫਤਰੀ ਨੋਟ ਲਾਈਟ ਸ਼ਾਖਾ ਮਿਤੀ 27.7.2020 ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ ਨੇ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਵਿਚ ਪੰਜਾਬ ਸਰਕਾਰ ਵਲੋਂ 11 ਪਿੰਡ ਨਵੇਂ ਦਿੱਤੇ ਗਏ ਹਨ, ਇਹਨਾਂ ਪਿੰਡਾਂ ਦੀ ਜਲ ਸਪਲਾਈ ਪਬਲਿਕ ਹੈਲਥ ਵਿਭਾਗ ਵਲੋਂ ਵੇਖੀ ਜਾਂਦੀ ਸੀ, ਇਥੇ ਇਹ ਦੱਸਣਯੋਗ ਹੈ ਕਿ 1.7.2020 ਤੋਂ ਇਹਨਾਂ ਪਿੰਡਾਂ ਨੂੰ ਨਗਰ ਨਿਗਮ ਜਲੰਧਰ ਵਲੋਂ ਹੈਂਡਉਵਰ ਕਰ ਲਏ ਗਏ ਹਨ। ਇਹਨਾਂ 11 ਪਿੰਡਾਂ ਵਿਚ 10 ਟਿਊਬਵੈਲ ਲੱਗੇ ਹੋਏ ਹਨ ਇਹਨਾਂ ਦੇ ਪਿੰਡਾਂ ਦੇ ਨਾਮ, ਬਿਜਲੀ ਵਿਭਾਗ ਦੇ ਖਾਤਾ ਨੰਬਰ, ਕਰੰਟ ਬਿਲਾਂ ਦਾ ਬਕਾਇਆ ਅਤੇ ਮੰਜੂਰ ਸੁਦਾ ਲੋਡ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

Sr. No	Name of Village	Electricity A/C No.	Current Bill	Arrears	Load Sanctioned
1	Rehmanpur	3002651016	52583	237230	8.10
2	Nangal Krar Khan	3002651027	15581	369320	12.70
3	Dhina	3002651008	46908	2443969	19.30
4	Pholriwal	3002651042	100116	2044080	19.70
5	Sansarpur	3001335024	27	14780	1.02
6	Khusropur	3001334164	23	9930	0.9
7	Alipur M	3002921274	16697	24890	9.6
8	Khambra	3002920549	13575	2621050	8.04
9	Subhana	3002650988	13240	357880	7.62
10	Sofipind	3003298457	24	5460	1.49

ਇਹਨਾਂ ਬਿਜਲੀ ਦੇ ਖਾਤਾ ਨੰਬਰ ਨੂੰ ਨਗਰ ਨਿਗਮ ਜਲੰਧਰ ਵਲੋਂ ਆਪਣੇ ਈ.ਸੀ.ਆਰ. ਤੇ ਚੜਾਇਆ ਜਾਵੇ ਤਾਂ ਜ਼ੋ ਇਹਨਾਂ ਬਿਲਾਂ ਦੀ ਆਦਾਇਗੀ ਮਿਤੀ 1.7.2020 ਤੋਂ ਸਮੇਂ ਸਿਰ ਹੋ ਸਕੇ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਵਲੋਂ ਮਿਤੀ 3.8.2020 ਰਾਹੀਂ ਲਿਖਿਆ ਹੈ ਕਿ ਇਹ ਕੰਮ ਜਰੂਰੀ ਹੈ ਇਸ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਲੋੜੀਂਦੀ ਹੈ। ਸੰਯੁਕਤ ਕਮਿਸ਼ਨਰ (ਈ) ਅਤੇ ਕਮਿਸ਼ਨਰ ਜੀ ਨੇ ਮਿਤੀ 4.8.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 20.8.2020 ਨੂੰ ਇਸ ਕੰਮ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਹੈ ।

ਤਜਵੀਜ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ।ਇਹ ਵੀ ਫੈਸਲਾ ਹੋਇਆ ਕਿ ਮਿਤੀ 1.7.2020 ਤੋਂ ਪੁਰਾਣੇ ਬਕਾਇਆਜਾਤ ਅਦਾ ਕਰਨ ਦੀ ਨਗਰ ਨਿਗਮ ਜਲੰਧਰ ਦੀ ਜਿੰਮੇਵਾਰੀ ਨਹੀਂ ਹੋਵੇਗੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 81

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਦੀ ਜਾਣਕਾਰੀ ਹਾਊਸ ਨੂੰ ਦੇਣ ਸਬੰਧੀ।

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਵੱਖ-ਵੱਖ ਮਿਤੀਆਂ ਨੂੰ ਹੇਠ ਅਨੁਸਾਰ ਹੋਈਆਂ ਹਨ, ਜਿਹਨਾਂ ਦੀਆਂ ਕਾਰਵਾਈਆਂ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ, ਹਾਊਸ ਵਿੱਚ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਜੀ।

ਲੜੀ ਨੰ:	ਮੀਟਿੰਗ ਦੀ ਮਿਤੀ	ਮੀਟਿੰਗ ਵਿੱਚ ਵਿਚਾਰੇ ਗਏ ਮਤਾ ਨੰਬਰ
1	29.5.2020	54-70
2	8.6.2020	71-80
3	12.6.2020	81-84
4	22.6.2020	85-93
5	6.7.2020	94-106
6	24.7.2020	107-119
7	31.7.2020	120-123
8	14.8.2020	124-133
9	31.8.2020	134-139
10	2.9.2020	140
11	4.9.2020	141-165
12	7.9.2020	166-189
13	21.9.2020	190-206
14	2.10.2020	207-226
15	9.10.2020	227-242
16	27.10.2020	243- 253
17	24.11.2020	254- 280

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
1.12.2020

ਮਤਾ ਨੰ: 82

ਵਿਸ਼ਾ:- ਜੇ.ਸੀ.ਬੀ ਮਸ਼ੀਨਾਂ ਨੂੰ ਚਲਾਉਣ ਵਾਸਤੇ ਓਪਰੇਸ਼ਨ ਕੰਟਰੈਕਟ ਕਰਨ ਦੇ ਤਖਮੀਨੇ ਦੀ 50% ਵੇਰੀਏਸ਼ਨ ਦੀ ਪ੍ਰਵਾਨਗੀ ਸਬੰਧੀ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਲਈ ਤਖਮੀਨਾ ਰੁਪਏ 26,40,417/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 43 ਮਿਤੀ 25-06-2018 ਰਾਹੀਂ ਦਿੱਤੀ ਗਈ ਸੀ। ਇਸ ਤਖਮੀਨੇ ਵਿੱਚ 14 ਜੇ.ਸੀ.ਬੀ ਓਪਰੇਟਰ ਇੱਕ ਸਾਲ ਵਾਸਤੇ ਆਉਟ ਸੋਰਸ ਰਾਹੀਂ ਰੱਖਣ ਦੀ ਪ੍ਰੋਵੀਜਨ ਕੀਤੀ ਗਈ ਸੀ। ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਪੱਤਰ ਨੰਬਰ 38187 ਮਿਤੀ 10-07-2018 ਰਾਹੀਂ ਦਿੱਤੀ ਗਈ ਸੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਰ ਅਧੀਨ ਠੇਕੇਦਾਰਾਂ ਤੋਂ ਮਿਤੀ 29-10-2018 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 11-12-2018 ਲਈ ਮੰਗੇ ਗਏ ਪਰੰਤੂ ਫਿਰ ਵੀ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 11-01-2019 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸਰਜ ਆਕਾਸ਼ ਕੰਟਰੈਕਟਰ, ਜਲੰਧਰ ਦਾ ਪ੍ਰਾਪਤ ਹੋਇਆ ਜ਼ੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਅਜੰਸੀ ਵਲੋਂ 0.25% ਦੀ ਸੇਵਿੰਗ ਨਾਲ ਤਖਮੀਨਾ ਰੁਪਏ 26,40,417/- ਦੇ ਵਿਰੁੱਧ ਰੁਪਏ 26,33,816/- ਵਿੱਚ ਕੰਮ ਕਰਨਾ ਸੀ। ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 55 ਮਿਤੀ 01-03-2019 ਰਾਹੀਂ ਦਿੱਤੀ ਗਈ ਸੀ। ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ 144/Supdt.(w) ਮਿਤੀ 08-03-2019 ਜਾਰੀ ਕੀਤਾ ਗਿਆ ਅਤੇ ਉਪਰੋਕਤ ਕੰਮ ਵਾਸਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਜ਼ੋ ਕਿ ਮਿਤੀ 07-03-2020 ਨੂੰ ਖਤਮ ਹੋ ਗਿਆ ਸੀ।

ਇਥੇ ਇਹ ਦਸਿਆ ਜਾਂਦਾ ਹੈ ਕਿ ਉਪਰੋਕਤ ਕੰਮ ਵਾਸਤੇ ਬ੍ਰਾਂਚ ਵਲੋਂ ਅਗਲਾ ਸਾਲਾਨਾ ਤਖਮੀਨਾ ਪਹਿਲਾਂ ਹੀ ਤਿਆਰ ਕਰਕੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 148 ਮਿਤੀ 24-12-2019 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਉਪਰੋਕਤ ਕੰਮ ਲਈ ਪਹਿਲੀ ਬਾਰੀ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 28-02-2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 23-03-2020 ਲਈ ਮੰਗੇ ਗਏ ਤੇ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 31-03-2020 ਰਾਹੀਂ ਮੰਗੇ ਗਏ ਸਨ ਪਰੰਤੂ ਇਸ ਸਮੇਂ ਦੋਰਾਨ ਕੋਵਿਡ-19 ਕਾਰਨ ਪੂਰੇ ਦੇਸ਼ ਵਿੱਚ ਲੋਕਡਾਊਨ ਹੋਣ ਕਰਕੇ ਪੰਜਾਬ ਵਿੱਚ ਵੀ ਲੋਕਡਾਊਨ/ ਕਰਿਫਿਊ ਲਗਾ ਦਿੱਤਾ ਗਿਆ ਸੀ। ਇਸ ਦੇ ਸਬੰਧ ਵਿੱਚ ਸਥਾਨਕ ਸਰਕਾਰ ਵਿਭਾਗ ਵਲੋਂ ਮਿਲੀਆਂ ਹਦਾਇਤਾਂ ਅਨੁਸਾਰ ਇਸ ਕੰਮ ਦੇ ਟੈਂਡਰ ਦਾ ਸਮਾਂ ਮਿਤੀ 04-05-2020 ਤੱਕ ਵੱਧਾ ਦਿੱਤਾ ਗਿਆ ਸੀ ਪਰੰਤੂ ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਰੋਕੇ ਨਹੀਂ ਜਾ ਸਕਦੇ ਸੀ, ਇਸ ਲਈ ਇਸ ਕੰਮ ਦੇ ਪੁਰਾਣੇ ਤਖਮੀਨੇ ਦੀ ਮਿਆਦ ਵਿੱਚ 25% ਵਾਧਾ ਕਰਦੇ ਹੋਏ ਮਿਤੀ 08-03-2020 ਤੋਂ ਅਗਲੇ 3 ਮਹੀਨੇ ਵਾਧਾਉਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਭੇਜਿਆ ਗਿਆ, ਜਿਸ ਦੀ ਇਨ ਐਂਟੀਸੀਪੇਸ਼ਨ ਅਪਰੂਵਲ ਮੇਅਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 18-04-2020 ਰਾਹੀਂ ਦਿੱਤੀ ਗਈ ਸੀ। ਬਾਅਦ ਵਿੱਚ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 65 ਮਿਤੀ 29-05-2020 ਰਾਹੀਂ ਇਸ ਨੂੰ ਪ੍ਰਵਾਨ ਕੀਤਾ ਗਿਆ ਸੀ।

ਕਿਉਂ ਜ਼ੋ ਹੁਣ ਇਹ ਕੰਮ 25% ਵਾਧੇ ਤਹਿਤ ਮਿਤੀ 07-06-2020 ਨੂੰ ਖਤਮ ਹੋ ਚੁੱਕਾ ਹੈ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਰੋਕੇ ਨਹੀਂ ਜਾ ਸਕਦੇ, ਇਸ ਲਈ ਇਸ ਕੰਮ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਇਹ ਕੰਮ ਪਬਲਿਕ ਹਿੱਤ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਉਪਰੋਕਤ ਕੰਮ ਵਾਸਤੇ ਟੈਂਡਰ ਕਾਲ ਵੀ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਨੂੰ ਮੇਚੇਓਰ ਹੋਣ ਵਿੱਚ ਅਜੇ ਸਮਾਂ ਲਗ ਸਕਦਾ ਹੈ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਨਿਰਵਿਘਣ ਕਰਵਾਉਣ ਵਾਸਤੇ ਤਖਮੀਨੇ ਦੀ 50% ਵੇਰੀਏਸ਼ਨ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ ਜੀ ਤਾਂ ਜ਼ੋ ਇਸ ਦੀ ਮੰਜੂਰੀ ਸਥਾਨਕ ਸਰਕਾਰ ਪਾਸੋਂ ਲਈ ਜਾ ਸਕੇ। ਉਪਰੋਕਤ ਅਨੁਸਾਰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ।ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਮਿਤੀ 23.9.2020 ਅਤੇ ਸੰਯੁਕਤ ਕਮਿਸ਼ਨਰ ਜੀ ਨੇ ਮਿਤੀ 15.9.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 21.9.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।ਮੇਅਰ ਜੀ ਨੇ ਮਿਤੀ 23.9.2020 ਰਾਹੀਂ ਲਿਖਿਆ ਹੈ ਕਿ "Has the employer deposited the EPF in the account of employees and put up today positively."

ਵਰਕਸਾਪ ਸੁਪਰਡੰਟ ਵਲੋਂ ਦਫਤਰੀ ਰਿਪੋਰਟ ਮਿਤੀ 24.9.2020 ਰਾਹੀਂ ਲਿਖਿਆ ਹੈ ਕਿ ਠੇਕੇਦਾਰ ਸ੍ਰੀ ਆਕਾਸ਼ ਗੋਰਮਿੰਟ ਕੰਟਰੈਕਟਰ ਨੂੰ ਈ.ਪੀ.ਐਫ./ਈ.ਐਸ.ਆਈ. ਦੀਆਂ ਰਸੀਦਾਂ ਦੇਣ ਲਈ ਕਿਹਾ ਗਿਆ ਹੈ ਪਰੰਤੂ ਠੇਕੇਦਾਰ ਵਲੋਂ ਰਸੀਦਾਂ ਪੇਸ਼ ਨਹੀਂ ਕੀਤੀਆਂ ਗਈਆਂ। ਲੇਖਾ ਸ਼ਾਖਾ ਵੱਲੋ ਠੇਕੇਦਾਰ ਦੀ ਈ.ਪੀ.ਐੱਫ/ਈ.ਐਸ.ਆਈ ਦੀ ਪੇਮੈਂਟ ਵਿੱਦ ਹੈਲਡ ਕੀਤੀ ਗਈ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਮਿਤੀ 23.9.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮੇਅਰ ਜੀ ਨੇ ਮਿਤੀ : 24.09.2020 ਰਾਹੀ ਲਿਖਿਆ ਹੈ ਕਿ "Put up detail Report and send through Commissioner. ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਮਿਤੀ 25.9.2020 ਰਾਹੀਂ ਲਿਖਿਆ ਹੈ ਕਿ ਮੈਂ: ਆਕਾਸ਼ ਗੋਰਮੈਂਟ ਕੰਟਰੈਕਟਰ ਵੱਲੋ ਉਪਰੋਕਤ ਕੰਮ ਅਧੀਨ ਰੱਖੇ ਗਏ ਸਟਾਫ ਦਾ ਈ.ਪੀ.ਐਫ. ਅਤੇ ਈ.ਐਸ.ਆਈ. ਜਮ੍ਹਾਂ ਕਰਵਾਉਣ ਬਾਰੇ ਦੋਨੇ ਵਿਭਾਗਾ ਨੂੰ ਇਸ ਦਫ਼ਤਰ ਦੇ ਪੱਤਰ ਨੰ: SE/SPL/05 ਅਤੇ SE/SPL/07 ਮਿਤੀ : 25.09.2020 ਦੀ ਪ੍ਰਵਾਨਗੀ ਲੈਣ ਲਈ ਲਿਖਿਆ ਗਿਆ ਹੈ ਤਾਂ ਜ਼ੋ ਉਸ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਤਖਮੀਨੇ ਦਾ 50% ਵੇਰੀਏਸ਼ਨ ਦੀ ਪ੍ਰਵਾਨਗੀ ਨਗਰ ਨਿਗਮ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਤਾਂ ਜ਼ੋ ਇਸ ਦੀ ਮੰਨਜ਼ੂਰੀ ਸਥਾਨਕ ਸਰਕਾਰ ਪਾਸੋ ਲਈ ਜਾ ਸਕੇ। ਕਮਿਸ਼ਨਰ ਨੇ ਮਿਤੀ : 25.09.2020 ਰਾਹੀ ਲਿਖਿਆ ਹੈ ਕਿ As the Salary of outsourced staff is pending for more than three months subject to approval we can make the payment so that salary of the outsourced employees can be paid to them. In future also as decided in the meeting with the union salary of the outsourced must be made before 10th of every month. Formality if any left can be completed later. ਮੇਅਰ ਜੀ ਨੇ ਮਿਤੀ ਮਿਤੀ 27.9.2020 ਨੂੰ ਇਸ ਦੀ ਪ੍ਰਵਾਨਗੀ ਦਿੰਦੇ ਹੋਏ ਲਿਖਿਆ ਹੈ ਕਿ ਅਗਲੀ ਅਦਾਇਗੀ ਤੋਂ ਪਹਿਲਾਂ ਪਹਿਲਾਂ ਈ.ਪੀ.ਐਫ. ਕਮਿਸ਼ਨਰ ਤੋਂ ਜਵਾਬ ਲਿਆ ਜਾਵੇ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 83

ਵਿਸ਼ਾ:- ਨਗਰ ਨਿਗਮ ਦੀਆਂ ਵੱਖ-ਵੱਖ ਗੱਡੀਆਂ ਲਈ ਵਾਸ਼ਿੰਗ ਬੁਆਏ, ਕਰੇਨ ਹੈਲਪਰ, ਟਾਇਰਮੈਨ ਅਤੇ ਰੈਸਟ ਕੀਪਰ ਆਉਟ ਸੋਰਸ ਰਾਹੀਂ ਇੱਕ ਸਾਲ ਵਾਸਤੇ ਰੱਖਣ ਦੇ ਤਖਮੀਨੇ ਦੀ 50% ਵੇਰੀਏਸ਼ਨ ਦੀ ਪ੍ਰਵਾਨਗੀ ਸਬੰਧੀ

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਲਈ ਤਖਮੀਨਾ ਰੁਪਏ 13,91,533/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 41 ਮਿਤੀ 25-06-2018 ਰਾਹੀਂ ਦਿੱਤੀ ਗਈ ਸੀ। ਇਸ ਤਖਮੀਨੇ ਵਿੱਚ 2 ਵਾਸ਼ਿੰਗ ਬੁਆਏ, 1 ਕਰੇਨ ਹੈਲਪਰ, 1 ਟਾਇਰਮੈਨ, 1 ਜਿਪਸੀ ਡਰਾਇਵਰ ਅਤੇ 5 ਰੈਸਟ ਕੀਪਰ ਇੱਕ ਸਾਲ ਵਾਸਤੇ ਆਉਟ ਸੋਰਸ ਰਾਹੀਂ ਰੱਖਣ ਦੀ ਪ੍ਰੋਵੀਜਨ ਕੀਤੀ ਗਈ ਸੀ। ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਪੱਤਰ ਨੰਬਰ 38187 ਮਿਤੀ 10-07-2018 ਰਾਹੀਂ ਦਿੱਤੀ ਗਈ ਸੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਰ ਅਧੀਨ ਠੇਕੇਦਾਰਾਂ ਤੋਂ ਮਿਤੀ 29-10-2018 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 11-12-2018 ਲਈ ਮੰਗੇ ਗਏ ਪਰੰਤੂ ਫਿਰ ਵੀ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 11-01-2019 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸਰਜ ਆਕਾਸ਼ ਕੰਟਰੈਕਟਰ, ਜਲੰਧਰ ਦਾ ਪ੍ਰਾਪਤ ਹੋਇਆ ਜ਼ੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਅਜੰਸੀ ਵਲੋਂ 0.25% ਦੀ ਸੇਵਿੰਗ ਨਾਲ ਤਖਮੀਨਾ ਰੁਪਏ 13,91,533/- ਦੇ ਵਿਰੁੱਧ ਰੁਪਏ 13,88,054/- ਵਿੱਚ ਕੰਮ ਕਰਨਾ ਸੀ। ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 57 ਮਿਤੀ 01-03-2019 ਰਾਹੀਂ ਦਿੱਤੀ ਗਈ ਸੀ। ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ 146/Supdt.(w) ਮਿਤੀ 08-03-2019 ਜਾਰੀ ਕੀਤਾ ਗਿਆ ਅਤੇ ਉਪਰੋਕਤ ਕੰਮ ਵਾਸਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਜ਼ੋ ਕਿ ਮਿਤੀ 07-03-2020 ਨੂੰ ਖਤਮ ਹੋ ਗਿਆ ਸੀ।

ਇਥੇ ਇਹ ਦਸਿਆ ਜਾਂਦਾ ਹੈ ਕਿ ਉਪਰੋਕਤ ਕੰਮ ਵਾਸਤੇ ਬ੍ਰਾਂਚ ਵਲੋਂ ਅਗਲਾ ਸਾਲਾਨਾ ਤਖਮੀਨਾ ਪਹਿਲਾਂ ਹੀ ਤਿਆਰ ਕਰਕੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 148 ਮਿਤੀ 24-12-2019 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਉਪਰੋਕਤ ਕੰਮ ਲਈ ਪਹਿਲੀ ਬਾਰੀ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 28-02-2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 23-03-2020 ਲਈ ਮੰਗੇ ਗਏ ਤੇ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 31-03-2020 ਰਾਹੀਂ ਮੰਗੇ ਗਏ ਸਨ ਪਰੰਤੂ ਇਸ ਸਮੇਂ ਦੋਰਾਨ ਕੋਵਿਡ-19 ਕਾਰਨ ਪੂਰੇ ਦੇਸ਼ ਵਿੱਚ ਲੋਕਡਾਊਨ ਹੋਣ ਕਰਕੇ ਪੰਜਾਬ ਵਿੱਚ ਵੀ ਲੋਕਡਾਊਨ/ ਕਰਿਫਿਊ ਲਗਾ ਦਿੱਤਾ ਗਿਆ ਸੀ। ਇਸ ਦੇ ਸਬੰਧ ਵਿੱਚ ਸਥਾਨਕ ਸਰਕਾਰ ਵਿਭਾਗ ਵਲੋਂ ਮਿਲੀਆਂ ਹਦਾਇਤਾਂ ਅਨੁਸਾਰ ਇਸ ਕੰਮ ਦੇ ਟੈਂਡਰ ਦਾ ਸਮਾਂ ਮਿਤੀ 04-05-2020 ਤੱਕ ਵੱਧਾ ਦਿੱਤਾ ਗਿਆ ਸੀ ਪਰੰਤੂ ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਰੋਕੇ ਨਹੀਂ ਜਾ ਸਕਦੇ ਸੀ, ਇਸ ਲਈ ਇਸ ਕੰਮ ਦੇ ਪੁਰਾਣੇ ਤਖਮੀਨੇ ਦੀ ਮਿਆਦ ਵਿੱਚ 25% ਵਾਧਾ ਕਰਦੇ ਹੋਏ ਮਿਤੀ 08-03-2020 ਤੋਂ ਅਗਲੇ 3 ਮਹੀਨੇ ਵਾਧਾਉਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਭੇਜਿਆ ਗਿਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 126 ਮਿਤੀ 14-08-2020 ਰਾਹੀਂ ਪ੍ਰਵਾਨ ਕੀਤਾ ਗਿਆ ਸੀ।

ਕਿਉਂ ਜ਼ੋ ਹੁਣ ਇਹ ਕੰਮ 25% ਵਾਧੇ ਤਹਿਤ ਮਿਤੀ 07-06-2020 ਨੂੰ ਖਤਮ ਹੋ ਚੁੱਕਾ ਹੈ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਰੋਕੇ ਨਹੀਂ ਜਾ ਸਕਦੇ, ਇਸ ਲਈ ਇਸ ਕੰਮ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਇਹ ਕੰਮ ਪਬਲਿਕ ਹਿੱਤ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਉਪਰੋਕਤ ਕੰਮ ਵਾਸਤੇ ਟੈਂਡਰ ਕਾਲ ਵੀ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਨੂੰ ਮੇਚੇਓਰ ਹੋਣ ਵਿੱਚ ਅਜੇ ਸਮਾਂ ਲਗ ਸਕਦਾ ਹੈ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਨਿਰਵਿਘਣ ਕਰਵਾਉਣ ਵਾਸਤੇ ਤਖਮੀਨੇ ਦੀ 50% ਵੇਰੀਏਸ਼ਨ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ ਜੀ ਤਾਂ ਜ਼ੋ ਇਸ ਦੀ ਮੰਜੂਰੀ ਸਥਾਨਕ ਸਰਕਾਰ ਪਾਸੋਂ ਲਈ ਜਾ ਸਕੇ। ਉਪਰੋਕਤ ਅਨੁਸਾਰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ ਮੇਅਰ ਜੀ ਨੇ ਮਿਤੀ 23.9.2020 ਰਾਹੀਂ ਲਿਖਿਆ ਹੈ ਕਿ "Has the employer deposited the EPF in the account of employees and put up today positively."

ਵਰਕਸਾਪ ਸੁਪਰਡੰਟ ਵਲੋਂ ਦਫਤਰੀ ਰਿਪੋਰਟ ਮਿਤੀ 24.9.2020 ਰਾਹੀਂ ਲਿਖਿਆ ਹੈ ਕਿ ਠੇਕੇਦਾਰ ਸ੍ਰੀ ਆਕਾਸ਼ ਗੋਰਮਿੰਟ ਕੰਟਰੈਕਟਰ ਨੂੰ ਈ.ਪੀ.ਐਫ./ਈ.ਐਸ.ਆਈ. ਦੀਆਂ ਰਸੀਦਾਂ ਦੇਣ ਲਈ ਕਿਹਾ ਗਿਆ ਹੈ ਪਰੰਤੂ ਠੇਕੇਦਾਰ ਵਲੋਂ ਰਸੀਦਾਂ ਪੇਸ਼ ਨਹੀਂ ਕੀਤੀਆਂ ਗਈਆਂ। ਲੇਖਾ ਸ਼ਾਖਾ ਵੱਲੋ ਠੇਕੇਦਾਰ ਦੀ ਈ.ਪੀ.ਐੱਫ/ਈ.ਐਸ.ਆਈ ਦੀ ਪੇਮੈਂਟ ਵਿੱਦ ਹੈਲਡ ਕੀਤੀ ਗਈ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਮਿਤੀ 23.9.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮੇਅਰ ਜੀ ਨੇ ਮਿਤੀ : 23.09.2020 ਰਾਹੀ ਲਿਖਿਆ ਹੈ ਕਿ "Put up detail Report and send through Commissioner. ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਮਿਤੀ 25.9.2020 ਰਾਹੀਂ ਲਿਖਿਆ ਹੈ ਕਿ ਮੈਂ: ਆਕਾਸ਼ ਗੋਰਮੈਂਟ ਕੰਟਰੈਕਟਰ ਵੱਲੋ ਉਪਰੋਕਤ ਕੰਮ ਅਧੀਨ ਰੱਖੇ ਗਏ ਸਟਾਫ ਦਾ ਈ.ਪੀ.ਐਫ. ਅਤੇ ਈ.ਐਸ.ਆਈ. ਜਮ੍ਹਾਂ ਕਰਵਾਉਣ ਬਾਰੇ ਦੋਨੇ ਵਿਭਾਗਾ ਨੂੰ ਇਸ ਦਫ਼ਤਰ ਦੇ ਪੱਤਰ ਨੰ: SE/SPL/05 ਅਤੇ SE/SPL/07 ਮਿਤੀ : 25.09.2020 ਦੀ ਪ੍ਰਵਾਨਗੀ ਲੈਣ ਲਈ ਲਿਖਿਆ ਗਿਆ ਹੈ ਤਾਂ ਜ਼ੋ ਉਸ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਤਖਮੀਨੇ ਦਾ 50% ਵੇਰੀਏਸ਼ਨ ਦੀ ਪ੍ਰਵਾਨਗੀ ਨਗਰ ਨਿਗਮ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਤਾਂ ਜ਼ੋ ਇਸ ਦੀ ਮੰਨਜ਼ੂਰੀ ਸਥਾਨਕ ਸਰਕਾਰ ਪਾਸੋ ਲਈ ਜਾ ਸਕੇ। ਕਮਿਸ਼ਨਰ ਨੇ ਮਿਤੀ : 25.09.2020 ਰਾਹੀ ਲਿਖਿਆ ਹੈ ਕਿ As the Salary of outsourced staff is pending for more than three months subject to approval we can make the payment so that salary of the outsourced employees can be paid to them. In future also as decided in the meeting with the union salary of the outsourced must be made before 10th of every month. Formality if any left can be completed later. ਮੇਅਰ ਜੀ ਨੇ ਮਿਤੀ ਮਿਤੀ 27.9.2020 ਨੂੰ ਇਸ ਦੀ ਪ੍ਰਵਾਨਗੀ ਦਿੰਦੇ ਹੋਏ ਲਿਖਿਆ ਹੈ ਕਿ ਅਗਲੀ ਅਦਾਇਗੀ ਤੋਂ ਪਹਿਲਾਂ ਪਹਿਲਾਂ ਈ.ਪੀ.ਐਫ. ਕਮਿਸ਼ਨਰ ਤੋਂ ਜਵਾਬ ਲਿਆ ਜਾਵੇ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

1.12.2020

ਮਤਾ ਨੰ: 84

ਵਿਸ਼ਾ:- ਸੀਵਰ ਜੈਟਿੰਗ ਮਸ਼ੀਨ, ਰੋਡ ਰੋਲਰ, ਕਰੇਨ ਓਪਰੇਟਰ ਅਤੇ ਵਾਟਰ ਸਪਰਿੰਕਲਰ ਮਸ਼ੀਨਾਂ ਨੂੰ ਚਲਾਉਣ ਲਈ ਓਪਰੇਸ਼ਨ ਕੰਟਰੈਕਟ ਕਰਨ ਦੇ ਤਖਮੀਨੇ ਦੀ 50% ਵੇਰੀਏਸ਼ਨ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਲਈ ਤਖਮੀਨਾ ਰੁਪਏ 13,20,208/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 40 ਮਿਤੀ 25-06-2018 ਰਾਹੀਂ ਦਿੱਤੀ ਗਈ ਸੀ। ਇਸ ਤਖਮੀਨੇ ਵਿੱਚ 2 ਸੀਵਰ ਜੈਟਿੰਗ ਮਸ਼ੀਨ ਓਪਰੇਟਰ, 1 ਕਰੇਨ ਓਪਰੇਟਰ ਅਤੇ 2 ਵਾਟਰ ਸਪਰਿੰਕਲਰ ਓਪਰੇਟਰ ਇੱਕ ਸਾਲ ਵਾਸਤੇ ਆਉਟ ਸੋਰਸ ਰਾਹੀਂ ਰੱਖਣ ਦੀ ਪ੍ਰੋਵੀਜਨ ਕੀਤੀ ਗਈ ਸੀ। ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਪੱਤਰ ਨੰਬਰ 38187 ਮਿਤੀ 10-07-2018 ਰਾਹੀਂ ਦਿੱਤੀ ਗਈ ਸੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਰ ਅਧੀਨ ਠੇਕੇਦਾਰਾਂ ਤੋਂ ਮਿਤੀ 29-10-2018 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 11-12-2018 ਲਈ ਮੰਗੇ ਗਏ ਪਰੰਤੂ ਫਿਰ ਵੀ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 11-01-2019 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸਰਜ ਆਕਾਸ਼ ਕੰਟਰੈਕਟਰ ਦਾ ਪ੍ਰਾਪਤ ਹੋਇਆ ਜ਼ੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਅਜੰਸੀ ਵਲੋਂ 0.25% ਦੀ ਸੇਵਿੰਗ ਨਾਲ ਤਖਮੀਨਾ ਰੁਪਹੈ 13,20,208/- ਦੇ ਵਿਰੁੱਧ ਰੁਪਏ 13,16,907/- ਵਿੱਚ ਕੰਮ ਕਰਨਾ ਸੀ। ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 56 ਮਿਤੀ 01-03-2019 ਰਾਹੀਂ ਦਿੱਤੀ ਗਈ ਸੀ। ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ 142/Supdt.(w) ਮਿਤੀ 08-03-2019 ਜਾਰੀ ਕੀਤਾ ਗਿਆ ਅਤੇ ਉਪਰੋਕਤ ਕੰਮ ਵਾਸਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਜ਼ੋ ਕਿ ਮਿਤੀ 07-03-2020 ਨੂੰ ਖਤਮ ਹੋ ਗਿਆ ਸੀ।

ਇਥੇ ਇਹ ਦਸਿਆ ਜਾਂਦਾ ਹੈ ਕਿ ਉਪਰੋਕਤ ਕੰਮ ਵਾਸਤੇ ਬ੍ਰਾਂਚ ਵਲੋਂ ਅਗਲਾ ਸਾਲਾਨਾ ਤਖਮੀਨਾ ਪਹਿਲਾਂ ਹੀ ਤਿਆਰ ਕਰਕੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 148 ਮਿਤੀ 24-12-2019 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਉਪਰੋਕਤ ਕੰਮ ਲਈ ਟੈਂਡਰ ਪਹਿਲੀ ਬਾਰੀ ਮਿਤੀ 28-02-2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 23-03-2020 ਲਈ ਮੰਗੇ ਗਏ ਤੇ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 31-03-2020 ਰਾਹੀਂ ਮੰਗੇ ਗਏ ਸਨ ਪਰੰਤੂ ਇਸ ਸਮੇਂ ਦੋਰਾਨ ਕੋਵਿਡ-19 ਕਾਰਨ ਪੂਰੇ ਦੇਸ਼ ਵਿੱਚ ਲੋਕਡਾਊਨ ਹੋਣ ਕਰਕੇ ਪੰਜਾਬ ਵਿੱਚ ਵੀ ਲੋਕਡਾਊਨ/ ਕਰਿਫਿਊ ਲਗਾ ਦਿੱਤਾ ਗਿਆ ਸੀ। ਇਸ ਦੇ ਸਬੰਧ ਵਿੱਚ ਸਥਾਨਕ ਸਰਕਾਰ ਵਿਭਾਗ ਵਲੋਂ ਮਿਲੀਆਂ ਹਦਾਇਤਾਂ ਅਨੁਸਾਰ ਇਸ ਕੰਮ ਦੇ ਟੈਂਡਰ ਦਾ ਸਮਾਂ ਮਿਤੀ 04-05-2020 ਤੱਕ ਵੱਧਾ ਦਿੱਤਾ ਗਿਆ ਸੀ ਪਰੰਤੂ ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਰੋਕੇ ਨਹੀਂ ਜਾ ਸਕਦੇ ਸੀ, ਇਸ ਲਈ ਇਸ ਕੰਮ ਦੇ ਪੁਰਾਣੇ ਤਖਮੀਨੇ ਦੀ ਮਿਆਦ ਵਿੱਚ 25% ਵਾਧਾ ਕਰਦੇ ਹੋਏ ਮਿਤੀ 08-03-2020 ਤੋਂ ਅਗਲੇ 3 ਮਹੀਨੇ ਵਾਧਾਉਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਭੇਜਿਆ ਗਿਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 125 ਮਿਤੀ 14-08-2020 ਰਾਹੀਂ ਪ੍ਰਵਾਨ ਕੀਤਾ ਗਿਆ ਸੀ।

